# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times 01 ਸਤੰਬਰ 2025 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵੈਨਕੂਵਰ ਵਿਚਾਰ ਮੰਚ ਵੱਲੋਂ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਅਤੇ ਲੇਖਕ ਜਸਵਿੰਦਰ ਰੁਪਾਲ ਨਾਲ ਵਿਸ਼ੇਸ਼ ਬੈਠਕ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 1 ਸਤੰਬਰ :ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਸਵੀਡਨ ਤੋਂ ਆਏ ਪ੍ਰਸਿੱਧ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਅਤੇ ਕੈਲਗਰੀ ਤੋਂ ਆਏ ਸਾਹਿਤਕਾਰ ਜਸਵਿੰਦਰ ਰੁਪਾਲ ਨਾਲ ਵਿਸ਼ੇਸ਼ ਬੈਠਕ ਕੀਤੀ ਗਈ। ਬੈਠਕ ਦੀ ਸ਼ੁਰੂਆਤ ਮੋਹਨ ਗਿੱਲ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ ਅਤੇ ਕਾਰਜਾਂ ਬਾਰੇ ਸੰਖੇਪ ਵਿਚ ਜਾਣਕਾਰੀ ਸਾਂਝੀ ਕੀਤੀ ਅਤੇ ਮੰਚ ਦੇ ਗਠਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਨਾਮਵਰ ਚਿੱਤਰਕਾਰ ਮਰਹੂਮ ਜਰਨੈਲ ਸਿੰਘ ਨੂੰ ਯਾਦ ਕੀਤਾ। ਉਨ੍ਹਾਂ ਕੈਲਗਰੀ ਤੋਂ ਆਏ ਮਹਿਮਾਨ ਲੇਖਕ ਜਸਵਿੰਦਰ ਰੁਪਾਲ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਉਪਰੰਤ ਜਸਵਿੰਦਰ ਰੁਪਾਲ ਨੇ ਆਪਣੇ ਜੀਵਨ, ਵਿਦਿਆ, ਅਧਿਆਪਨ ਕਾਰਜ ਅਤੇ ਸਾਹਿਤਕ ਸਫ਼ਰ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਉਹ ਹੁਣ ਤੱਕ 6 ਵਿਸ਼ਿਆਂ ਵਿਚ ਐਮ.ਏ. ਹਾਸਲ ਕਰ ਚੁੱਕੇ ਹਨ ਅਤੇ ਸੱਤਵੀਂ ਐਮ.ਏ. ਕਰ ਰਹੇ ਹਨ। ਉਨ੍ਹਾਂ ਦੀਆਂ ਦੋ ਪੁਸਤਕਾਂ ਛਪ ਚੁੱਕੀਆਂ ਹਨ। ਉਹਨਾਂ ਦਾ ਵਧੇਰੇ ਲਿਖਣ ਕਾਰਜ ਅਧਿਆਤਮਕ ਵਿਸ਼ਿਆਂ ਨਾਲ ਸੰਬੰਧਿਤ ਹੈ।

ਸਵੀਡਨ ਤੋਂ ਆਏ ਨਾਮਵਰ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਬਾਰੇ ਜਾਣ ਪਛਾਣ ਕਰਵਾਉਂਦਿਆਂ ਨਵਰੂਪ ਸਿੰਘ ਨੇ ਕਿਹਾ ਕਿ ਪੰਜਾਬ ਦੀ ਵੰਡ ਬਾਰੇ ਅਤੇ 1947 ਦੀ ਤਰਾਸਦੀ ਬਾਰੇ ਡਾ. ਇਸ਼ਤਿਆਕ ਅਹਿਮਦ ਨੇ ਸਖਤ ਮਿਹਨਤ ਕਰਦਿਆਂ ਪੂਰੀ ਇਮਾਨਦਾਰੀ ਨਾਲ ਇਤਿਹਾਸ ਨੂੰ ਕਾਗਜ਼ੀ ਪੰਨਿਆਂ ‘ਤੇ ਉਤਾਰਿਆ ਹੈ। ਉਨ੍ਹਾਂ ਲਹੂ ਲੁਹਾਣ, ਵੰਡੇ ਹੋਏ ਅਤੇ ਵੱਢੇ ਟੁੱਕੇ ਪੰਜਾਬ ਦੀ ਦਾਸਤਾਨ ਨੂੰ ਬੇਹੱਦ ਸੁਹਿਰਦਤਾ ਨਾਲ ਸਾਹਮਣੇ ਲਿਆਂਦਾ ਹੈ।

ਡਾ. ਇਸ਼ਤਿਆਕ ਅਹਿਮਦ ਨੇ ਦੱਸਿਆ ਕਿ ਪੰਜਾਬ ਦੀ ਵੰਡ ਦੇ ਦੁਖਾਂਤ ਬਾਰੇ ਜਦੋਂ ਬਜ਼ੁਰਗਾਂ ਤੋਂ ਹਿਰਦੇਵੇਦਿਕ ਕਹਾਣੀਆਂ ਸੁਣੀਆਂ ਤਾਂ ਉਨ੍ਹਾਂ ਨੇ ਇਸ ਦੁਖਾਂਤ ਦਾ ਸ਼ਿਕਾਰ ਹੋਏ, ਪ੍ਰਭਾਵਿਤ ਹੋਏ ਪਰਿਵਾਰਾਂ, ਵੱਢਾ-ਟੁੱਕੀ ਵਿਚ ਸ਼ਾਮਲ ਮਨੁੱਖੀ ਦਰਿੰਦਿਆਂ ਅਤੇ ਉਸ ਸਮੇਂ ਦੇ ਹਾਲਾਤ ਬਾਰੇ ਜਾਣਕਾਰੀ ਇਕੱਠੀ ਕਰਨ ਦਾ ਕਾਰਜ ਉਲੀਕਿਆ। ਸਟਾਕਹੋਮ (ਸਵੀਡਨ) ਯੂਨੀਵਰਸਿਟੀ ਵਿਚ ਉਹ ਪ੍ਰੋਫੈਸਰ ਸਨ ਅਤੇ ਉਨ੍ਹਾਂ ਯੂਨੀਵਰਸਿਟੀ ਨੂੰ ਇਹ ਖੋਜ ਕਰਨ ਲਈ ਬੇਨਤੀ ਕੀਤੀ ਤਾਂ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਇਸ ਕਾਰਜ ਲਈ ਤਿੰਨ ਸਾਲ ਦਾ ਸਮਾਂ ਦਿੱਤਾ ਅਤੇ ਹਰ ਪੱਖੋਂ ਸਹਿਯੋਗ ਦਿੱਤਾ। ਯੂਨੀਵਰਸਿਟੀ ਵੱਲੋਂ ਮਿਲੇ ਸਮੇਂ ਦੌਰਾਨ ਉਨ੍ਹਾਂ ਦਾ ਇਹ ਖੋਜ ਕਾਰਜ ਮੁਕੰਮਲ ਨਹੀਂ ਸੀ ਹੋਇਆ ਅਤੇ ਉਨ੍ਹਾਂ ਅਧਿਆਪਨ ਕਾਰਜ ਦੇ ਨਾਲ ਨਾਲ ਛੁੱਟੀਆਂ ਵਿਚ ਆਪਣੀ ਖੋਜ ਜਾਰੀ ਰੱਖੀ ਅਤੇ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਯੂ.ਕੇ., ਸਿੰਘਾਪੁਰ ਅਤੇ ਹੋਰ ਕਈ ਦੇਸ਼ਾਂ ਵਿਚ, ਜਿੱਥੇ ਪੰਜਾਬੀ ਲੋਕ ਵਸਦੇ ਸਨ, ਜਾ ਕੇ ਲਗਾਤਾਰ 11 ਸਾਲ ਦੀ ਮਿਹਨਤ ਬਾਅਦ ਉਨ੍ਹਾਂ ਇਸ ਖੋਜ ਨੂੰ ਅੰਗਰੇਜ਼ੀ ਵਿਚ ਕਿਤਾਬੀ ਰੂਪ ਦਿੱਤਾ ਜੋ ਬਾਅਦ ਵਿਚ ਉਰਦੂ, ਹਿੰਦੀ ਅਤੇ ਪੰਜਾਬੀ ਵਿਚ ਛਪ ਚੁੱਕੀ ਹੈ। ਉਨ੍ਹਾਂ ਆਪਣੀ ਖੋਜ ਦੌਰਾਨ 450 ਦੇ ਕਰੀਬ ਲੋਕਾਂ ਨਾਲ ਇੰਟਰਵਿਊ ਕੀਤੀਆਂ ਜਿਹਨਾਂ ਵਿੱਚੋਂ 262 ਇੰਟਰਵਿਊ ਪੁਸਤਕ ਵਿਚ ਸ਼ਾਮਲ ਹਨ। ਉਨ੍ਹਾਂ ਇਸ ਮੌਕੇ ਸੰਖੇਪ ਵਿਚ ਪੰਜਾਬ ਦੀ ਵੰਡ ਬਾਰੇ ਬਣੇ ਹਾਲਾਤ, ਮੁਹੰਮਦ ਅਲੀ ਜਿਨਾਹ, ਮੁਸਲਿਮ ਲੀਗ, ਆਰ.ਐਸ.ਐਸ, ਕਾਂਗਰਸ, ਮਹਾਤਮਾ ਗਾਂਧੀ, ਨਹਿਰੂ ਅਤੇ ਸਿੱਖ ਲੀਡਰਾਂ ਦੇ ਰੋਲ ਬਾਰੇ ਚਾਨਣਾ ਪਾਇਆ। ਇਸ ਮੌਕੇ ਪੁੱਛੇ ਗਏ ਸਵਾਲਾਂ ਦੇ ਵੀ ਉਨ੍ਹਾਂ ਜਵਾਬ ਦਿੱਤੇ।

ਇਸ ਬੈਠਕ ਵਿਚ ਡਾ. ਸਾਧੂ ਸਿੰਘ, ਡਾ. ਅਮਰਜੀਤ ਭੁੱਲਰ, ਨਾਵਲਕਾਰ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਨਵਰੂਪ ਸਿੰਘ, ਮਹਿੰਦਰਪਾਲ ਸਿੰਘ ਪਾਲ, ਹਰਦਮ ਮਾਨ, ਜਸਵਿੰਦਰ ਰੁਪਾਲ, ਤਰਲੋਚਨ ਤਰਨਤਾਰਨ, ਐਡਵੋਕੇਟ ਰਾਜਵੀਰ ਢਿੱਲੋਂ, ਰਿੱਕੀ ਬਾਜਵਾ, ਅੰਗਰੇਜ਼ ਬਰਾੜ, ਸੰਦੀਪ ਤੂਰ, ਜਸਦੀਪ ਸਿੱਧੂ ਅਤੇ ਇਕਬਾਲ ਸੰਧੂ ਹਾਜਰ ਸਨ। ਅੰਤ ਵਿਚ ਅੰਗਰੇਜ਼ ਬਰਾੜ ਨੇ ਦੋਹਾਂ ਸਤਿਕਾਰਤ ਮਹਿਮਾਨਾਂ ਅਤੇ ਹਾਜਰ ਸ਼ਖ਼ਸੀਅਤਾਂ ਦਾ ਮੰਚ ਵੱਲੋਂ ਧੰਨਵਾਦ ਕੀਤਾ।


## ਯੂਰਪੀ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਆਪਣੇ ਕਾਰਜਾਂ ਦੀ ਰੂਪਰੇਖਾ ਉੱਪਰ ਬੁੱਧੀਜੀਵੀਆਂ ਤੇ ਸਾਹਿਤਕਾਰਾਂ ਦਾ ਸੰਵਾਦ ਕਰਵਾਇਆ ਗਿਆ

### ਬਰਤਾਨੀਆਂ, ਇਟਲੀ, ਗ੍ਰੀਸ ਜਰਮਨੀ ਅਤੇ ਪੰਜਾਬ ਦੇ ਸਿਰਮੌਰ ਸਾਹਿਤਕਾਰਾਂ ਨੇ ਲਵਾਈ ਹਾਜ਼ਰੀ

### ਜਸਵਿੰਦਰ ਭੱਲਾ ਦੀ ਬੇਵਕਤੀ ਮੌਤ ‘ਤੇ ਦੁੱਖ ਪ੍ਰਗਟਾਉਂਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ





ਕੋਟਕਪੂਰਾ, 1 ਸਤੰਬਰ : ਯੂਰਪੀ ਦੇਸ਼ਾਂ ਵਿੱਚ ਪੰਜਾਬੀ ਦੀ ਸਥਿੱਤੀ ਪ੍ਰਤੀ ਫ਼ਿਕਰਮੰਦੀ ਅਤੇ ਕਰਮਸ਼ੀਲਤਾ ਨੂੰ ਸਮਰਪਿਤ ਯੂਰਪੀ ਮਹਾਂਦੀਪ ਵਿੱਚ ਨਿਵੇਕਲੀ ਪਹਿਲਕਦਮੀ ਕਰਦਿਆਂ ਨਵਗਠਿਤ' *ਯੂਰਪੀ ਪੰਜਾਬੀ ਸਾਹਿਤ ਅਕਾਦਮੀ* ਵੱਲੋਂ ਆਨਲਾਈਨ ਵਿਚਾਰ ਚਰਚਾ ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਭਾਰਤ ਤੋਂ ਪ੍ਰਸਿੱਧ ਕਵੀ ਅਤੇ ਚਿੰਤਕ ਡਾ. ਦੇਵਿੰਦਰ ਸੈਫ਼ੀ, ਡਾ.ਬਲਜਿੰਦਰ ਨਸਰਾਲੀ ਦਿੱਲੀ ਯੂਨੀਵਰਸਿਟੀ, ਡਾ. ਬਲਜੀਤ ਕੌਰ ਰਿਆੜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਨੌਜਵਾਨ ਪੱਤਰਕਾਰ, ਅਨੁਵਾਦਕ ਤੇ ਫਿਲਮਕਾਰ ਦੀਪ ਜਗਦੀਪ ਸਿੰਘ ਸ਼ਾਮਲ ਹੋਏ। ਇਸ ਤੋਂ ਇਲਾਵਾ ਇੰਗਲੈਂਡ ਤੋਂ ਪ੍ਰਸਿੱਧ ਨਾਵਲਕਾਰ ਮਹਿੰਦਰ ਪਾਲ ਧਾਲੀਵਾਲ ਅਤੇ ਕਹਾਣੀਕਾਰ ਬਲਵੰਤ ਗਿੱਲ, ਜਰਮਨੀ ਤੋਂ ਰਾਜਨੀਤਕ ਤੇ ਸਮਾਜਿਕ ਆਗੂ ਜਸਵਿੰਦਰ ਪਾਲ ਸਿੰਘ ਰਾਠ, ਪੰਜਾਬੀ ਸੱਭਿਆਚਾਰ ਤੇ ਭਾਸ਼ਾ ਬਾਰੇ ਖੋਜਕਾਰਾ ਏਵਜੀਨੀਆ ਬਰਦੇਸੀ ਪਾਤਰਸ ਯੂਨੀਵਰਸਿਟੀ ਗਰੀਸ, ਇਟਲੀ ਤੋਂ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਅਹੁਦੇਦਾਰ ਪ੍ਰਸਿੱਧ ਗਜ਼ਲਗੋ ਪ੍ਰੇਮਪਾਲ ਸਿੰਘ ਨੇ ਵੀ ਭਾਗ ਲਿਆ। ਦਲਜਿੰਦਰ ਸਿੰਘ ਰਹਿਲ ਵੱਲੋਂ ਆਰੰਭ ਕਰਦਿਆਂ ਸਭ ਨਾਲ ਜਾਣ ਪਹਿਚਾਣ ਕਰਵਾਉਂਦਿਆਂ ਸਭ ਮਹਿਮਾਨਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀ ਸਾਰਿਆਂ ਨਾਲ ਵਧਾਈ ਸਾਂਝੀ ਕੀਤੀ। ਯੂਰਪੀ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਬਲਵਿੰਦਰ ਸਿੰਘ ਚਾਹਲ ਨੇ ਆਏ ਸਭ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਸੰਸਥਾ ਦੇ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਇਹ ਸੰਸਥਾ ਸਮੁੱਚੇ ਯੂਰਪੀ ਖਿੱਤੇ ਵਿੱਚ ਅਜਿਹੀ ਪਹਿਲੀ ਸੰਸਥਾ ਹੋਵੇਗੀ ਜੋ ਸਾਹਿਤ, ਦਰਸ਼ਨ (ਫਲਸਫ਼ਾ), ਭਾਸ਼ਾ ਅਤੇ ਨਵੀਂ ਪੀੜ੍ਹੀ ਜਿਹੇ ਗੰਭੀਰ ਅਤੇ ਸੰਵੇਦਨਸ਼ੀਲ ਮੁੱਦਿਆਂ ਉੱਪਰ ਅਕਾਦਮਿਕ ਪੱਧਰ ‘ਤੇ ਕੰਮ ਕਰੇਗੀ। ਸੰਸਥਾ ਦੇ ਮੁੱਖ ਸਲਾਹਕਾਰ ਪ੍ਰੋ. ਜਸਪਾਲ ਸਿੰਘ ਨੇ ਵਿਸਥਾਰ ਸਹਿਤ ਮਨੋਰਥਾਂ ਤੇ ਟੀਚਿਆਂ ਬਾਰੇ ਦੱਸਿਆ। ਡਾ. ਬਲਜਿੰਦਰ ਨਸਰਾਲੀ ਨੇ ਇਸ ਸਮੇਂ ਬੋਲਦੇ ਹੋਏ ਕਿਹਾ ਕਿ ਇਸ ਅਜੋਕੇ ਵਿਸ਼ਵੀ ਪਿੰਡ ਵਿੱਚ ਆਪਣੀ ਭਾਸ਼ਾ ਅਤੇ ਸਾਹਿਤ ਦੀ ਗੱਲ ਨੂੰ ਅੱਗੇ ਤੋਰਨ ਲਈ ਵਿਦੇਸ਼ਾਂ ਵਿੱਚ ਦੂਜੀਆਂ ਭਾਸ਼ਾਵਾਂ ਅਤੇ ਸਮਾਜ ਨਾਲ ਤਾਲਮੇਲ ਜਰੂਰੀ ਹੈ। ਇਸ ਦੇ ਬਾਅਦ ਡਾ. ਦੇਵਿੰਦਰ ਸੈਫ਼ੀ ਨੇ ਕਿਹਾ ਕਿ ਅਜਿਹੀਆਂ ਸੰਸਥਾਵਾਂ ਦਾ ਹੋਂਦ ਵਿੱਚ ਆਉਣਾ ਆਮ ਗੱਲ ਹੈ ਪਰ ਜਿਸ ਤਰ੍ਹਾਂ ਟੀਚਿਆਂ ਦੀ ਵੱਚਨਬੱਧਤਾ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਦਿਖਾਈ ਜਾ ਰਹੀ ਹੈ, ਉਸਨੂੰ ਆਪਣੀਆਂ ਸਮਰੱਥਾਵਾਂ ਦਾ ਆਂਕਲਣ ਕਰਨ ਉਪਰੰਤ ਉਹੀ ਏਜੰਡੇ ਉਲੀਕਣੇ ਚਾਹੀਦੇ ਹਨ ਜਿਨ੍ਹਾਂ ਨੂੰ ਵਿਹਾਰਕ ਤੌਰ ‘ਤੇ ਸੁਚੱਜਤਾ ਸਹਿਤ ਨੇਪਰੇ ਚੜ੍ਹਾਇਆ ਜਾ ਸਕੇ। ਪ੍ਰਮਾਣਿਕ ਕਰਮਸ਼ੀਲਤਾ ਹੀ ਅਕਾਦਮੀ ਦੀ ਹੋਂਦ ਅਤੇ ਯੂਰਪੀ ਮਹਾਂਦੀਪ ਵਿੱਚ ਪੰਜਾਬੀ ਸਾਹਿਤ ਤੇ ਗਿਆਨ ਦੇ ਸੁਨਹਿਰੇ ਭਵਿੱਖ ਦੀ ਹੋਣੀ ਤੈਅ ਕਰੇਗੀ। ਇਸੇ ਗੱਲ ਦੀ ਪ੍ਰੋੜਤਾ ਕਰਦਿਆਂ ਡਾ. ਬਲਜੀਤ ਕੌਰ ਰਿਆੜ ਨੇ ਕਿਹਾ ਕਿ ਜਿਵੇਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਕੁਝ ਖਾਸ ਮੁੱਦਿਆਂ ਪ੍ਰਤੀ ਸੁਹਿਰਦ ਨਜ਼ਰ ਆਉਂਦੀ ਹੈ ਉਸ ਵੱਲ ਦੇਖਦਿਆਂ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਯੂਰਪੀ ਪੰਜਾਬੀ ਸਾਹਿਤ ਅਤੇ ਯੂਰਪੀਅਨ ਭਾਸ਼ਾਵਾਂ ਦਾ ਪੰਜਾਬੀ ਭਾਸ਼ਾ ਨਾਲ ਆਦਾਨ ਪ੍ਰਦਾਨ ਵਧੇਗਾ। ਏਵਜੀਨੀਆ ਬਰਦੇਸੀ ਨੇ ਗਰੀਸ ਵਿੱਚ ਪੰਜਾਬੀ ਭਾਈਚਾਰੇ ਉੱਪਰ ਕੀਤੀ ਜਾ ਰਹੀ ਖੋਜ ਦੇ ਆਧਾਰ ਉੱਪਰ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਭਾਸ਼ਾਵਾਂ ਦੇ ਆਪਸੀ ਤਾਲਮੇਲ ਨੂੰ ਇੱਕ ਵੱਡਾ ਕਾਰਜ ਦੱਸਿਆ। ਦੀਪ ਜਗਦੀਪ ਨੇ ਬਹੁਤ ਵਿਸਥਾਰ ਵਿੱਚ ਆਰਟੀਫਿਸ਼ਲ ਇੰਟੈਲੀਜੈਂਸ ਅਤੇ ਪੰਜਾਬੀ ਸਾਹਿਤ ਅਤੇ ਬੋਲੀ ਬਾਰੇ ਅਜੋਕੇ ਸੰਦਰਭ ਤੋਂ ਜਾਣਕਾਰੀ ਸਾਂਝੀ ਕੀਤੀ। ਜਿਸ ਵਿੱਚ ਮੀਡੀਆ, ਅਖਬਾਰਾਂ, ਕਿਤਾਬਾਂ ਤੇ ਹੁਣ ਦਾ ਡਿਜੀਟਲ ਯੁੱਗ ਕਿਸ ਪਾਸੇ ਵੱਲ ਵੱਧ ਰਿਹਾ ਹੈ, ਬਾਰੇ ਵੀ ਦੱਸਿਆ। ਮਹਿੰਦਰਪਾਲ ਧਾਲੀਵਾਲ ਨੇ ਆਪਣੇ ਸੁਝਾਅ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਯੂਰਪੀ ਪੱਧਰ ਦੇ ਨਾਲ ਨਾਲ ਆਪਣੇ ਖੇਤਰੀ ਪੱਧਰ ਉੱਪਰ ਵੀ ਅਜਿਹੇ ਯਤਨ ਕਰਨ ਦੀ ਬਹੁਤ ਜਰੂਰਤ ਹੈ, ਤਾਂ ਕਿ ਕੰਮਾਂ ਨੂੰ ਇਕਾਈਆਂ ਦੇ ਤੌਰ ‘ਤੇ ਕੀਤਾ ਜਾ ਸਕੇ। ਜਸਵਿੰਦਰ ਸਿੰਘ ਰਾਠ ਨੇ ਜਰਮਨ ਵਿੱਚ ਆਪਣੇ ਰਾਜਨੀਤਕ ਕੰਮਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਬਲਵੰਤ ਗਿੱਲ ਨੇ ਬਰਤਾਨੀਆਂ ਵਿੱਚ ਰਾਜਨੀਤੀ ਅਤੇ ਸਾਹਿਤ ਕਿਵੇਂ ਨਾਲ ਨਾਲ ਤੋਰਿਆ ਜਾ ਰਿਹਾ ਹੈ, ਇਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੇਮਪਾਲ ਸਿੰਘ ਨੇ ਆਪਣੀਆਂ ਗਜ਼ਲਾਂ ਦੁਆਰਾ ਤੁਰਦਾ ਜਾ ਰਿਹਾ ਸਮਾਂ ਜਿਵੇਂ ਰੋਕ ਦਿੱਤਾ ਅਤੇ ਸਭ ਦੀ ਵਾਹ ਵਾਹ ਪ੍ਰਾਪਤ ਕੀਤੀ। ਅਮਜਦ ਆਰਫ਼ੀ ਜਰਮਨੀ ਨੇ ਵੀ ਆਪਣੀ ਗਜ਼ਲ ਨਾਲ ਬਹੁਤ ਖੂਬਸੂਰਤ ਹਾਜ਼ਰੀ ਲਗਾਈ। ਰੂਪ ਦਵਿੰਦਰ ਕੌਰ ਨੇ ਜਿੱਥੇ ਬਰਤਾਨਵੀ ਸਾਹਿਤਕਾਰਾਂ ਨੂੰ ਪੇਸ਼ ਕੀਤਾ, ਉੱਥੇ ਉਹਨਾਂ ਦੇ ਸਾਹਿਤਕ ਜੀਵਨ ਬਾਰੇ ਵੀ ਨਿਵੇਕਲੇ ਅੰਦਾਜ਼ ਵਿੱਚ ਪੇਸ਼ਕਾਰੀ ਕੀਤੀ। ਇਸੇ ਤਰ੍ਹਾਂ ਗੁਰਪ੍ਰੀਤ ਕੌਰ ਗਾਇਦੂ ਨੇ ਏਵਜੀਨੀਆਂ ਨੂੰ ਪੇਸ਼ ਵੀ ਕੀਤਾ ਅਤੇ ਉਹਨਾਂ ਦੇ ਯੂਨਾਨੀ ਭਾਸ਼ਾ ਵਿੱਚ ਕੀਤੀ ਗੱਲਬਾਤ ਨੂੰ ਪੰਜਾਬੀ ਵਿੱਚ ਤਰਜਮਾ ਕਰਕੇ ਸਭ ਨਾਲ ਸਾਂਝਾ ਵੀ ਕੀਤਾ। ਇਸ ਸਮੁੱਚੇ ਸਮਾਗਮ ਦਾ ਸੰਚਾਲਨ ਦਲਜਿੰਦਰ ਸਿੰਘ ਰਹਿਲ, ਰੂਪ ਦਵਿੰਦਰ ਕੌਰ ਤੇ ਗੁਰਪ੍ਰੀਤ ਕੌਰ ਗਾਇਦੂ ਵੱਲੋਂ ਕੀਤਾ ਗਿਆ। ਇਸ ਇਕੱਤਰਤਾ ਵਲੋਂ ਪੰਜਾਬੀ ਦੇ ਸਿਰਮੌਰ ਕਲਾਕਾਰ ਜਸਵਿੰਦਰ ਭੱਲਾ ਦੀ ਬੇਵਕਤੀ ਮੌਤ ‘ਤੇ ਦੁੱਖ ਪ੍ਰਗਟਾਉਂਦਿਆਂ ਉਸਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

## ਨਾਟਕ ਅਤੇ ਜਾਦੂ ਟਰਿੱਕਾਂ ਰਾਹੀਂ ਆਪਣਾ ਸੰਦੇਸ਼ ਦੇਣ ਵਿੱਚ ਸਫਲ ਰਿਹਾ ਐਬਸਫੋਰਡ ਦਾ ਤਰਕਸ਼ੀਲ ਮੇਲਾ

### ਬੇ-ਤਰਕ ਲੋਕਾਂ ਵਿਚ ਮਾਨਸਿਕ ਰੋਗੀ ਹੋਣ ਦੀ ਸੰਭਾਵਨਾ ਆਮ ਲੋਕਾਂ ਨਾਲੋਂ ਵਧੇਰੇ ਹੁੰਦੀ ਹੈ – ਬਲਵਿੰਦਰ ਬਰਨਾਲਾ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਐਬਸਫੋਰਡ, 1ਸਤੰਬਰ : ਬੀਤੇ ਦਿਨ ਮੈਟਸਕਿਊ ਆਡੀਟੋਰੀਅਮ ਐਬਸਫੋਰਡ ਵਿਖੇ ਤਰਕਸ਼ੀਲ ਸੁਸਾਇਟੀ ਐਬਸਫੋਰਡ ਦੇ ਵੱਲੋਂ ਤਰਕਸ਼ੀਲ ਆਗੂ ਅਤੇ ਖੇਤੀ ਵਿਗਿਆਨੀ ਡਾ. ਬਲਜਿੰਦਰ ਸਿੰਘ ਸੇਖੋਂ ਦੀ ਯਾਦ ਨੂੰ ਸਮਰਪਿਤ ਤਰਕਸ਼ੀਲ ਮੇਲਾ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਵਿੱਚ ਤਰਕਸ਼ੀਲ ਸੁਸਾਇਟੀ ਦੀ ਕੌਮੀ ਕਮੇਟੀ ਦੇ ਸਰਪ੍ਰਸਤ ਬਾਈ ਅਵਤਾਰ, ਪ੍ਰਧਾਨ ਬਲਦੇਵ ਰਹਿਪਾ, ਮੀਤ ਪ੍ਰਧਾਨ ਬਲਵਿੰਦਰ ਬਰਨਾਲਾ ਅਤੇ ਵਿੱਤ ਸਕੱਤਰ ਜਗਰੂਪ ਧਾਲੀਵਾਲ ਨੇ ਡਾ. ਬਲਜਿੰਦਰ ਸੇਖੋਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਫੈਮਿਲੀ ਐਸੋਸੀਏਸ਼ਨ ਦੇ ਪ੍ਰਧਾਨ ਡਾ. ਗੁਲਜ਼ਾਰ ਵਿਲਿੰਗ ਦੀ ਅਗਵਾਈ ਵਿੱਚ ਡਾ. ਸੁਖਦੇਵ ਮਾਨ, ਡਾ. ਜੋਰਾ ਸਿੰਘ ਬਰਾੜ, ਡਾ. ਗੁਰਮੇਲ ਬੀਰੋਕੇ ਅਤੇ ਪਵਿੱਤਰ ਕੌਰ ਵੱਲੋਂ ਵੀ ਡਾ. ਸੇਖੋਂ ਨੂੰ ਸ਼ਰਧਾਂਜਲੀ ਅਰਪਨ ਕੀਤੀ ਗਈ। ਜ਼ਿਕਰਯੋਗ ਹੈ ਕਿ ਡਾ. ਸੇਖੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਐਂਟੋਮਾਲੋਜੀ ਵਿਭਾਗ ਵਿੱਚੋਂ ਸੇਵਾ ਮੁਕਤ ਹੋਏ ਸਨ।

ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਦੇ ਕੌਮੀ ਪ੍ਰਧਾਨ ਬਲਦੇਵ ਰਹਿਪਾ ਨੇ ਗ਼ਦਰੀਆਂ, ਬੱਬਰਾਂ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ ਦੀਆਂ ਕੁਰਬਾਨੀਆਂ ਅਤੇ ਸੋਚ ਦਾ ਜ਼ਿਕਰ ਕਰਦਿਆਂ, ਲੋਕਾਂ ਨੂੰ ਉਨ੍ਹਾਂ ਦੇ ਪਾਏ ਪੂਰਨਿਆਂ ‘ਤੇ ਚੱਲ ਕੇ ਬਿਹਤਰ ਸਮਾਜ ਦੀ ਉਸਾਰੀ ਵਿੱਚ ਯੋਗਦਾਨ ਪਾਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨਿੱਜੀ ਅਤੇ ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਅੰਧ ਵਿਸ਼ਵਾਸ਼ ਦੇ ਸਹਾਰੇ ਦੀ ਥਾਂ ਵਿਗਿਆਨਕ ਸੋਚ ਅਪਣਾਉਣ ਦੀ ਗੱਲ ਕੀਤੀ। ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਦੇ ਮੀਤ ਪ੍ਰਧਾਨ ਬਲਵਿੰਦਰ ਬਰਨਾਲਾ ਨੇ ਇਸ ਮੌਕੇ ਕਿਹਾ ਕਿ ਤਰਕ ਅਤੇ ਬੇ-ਤਰਕ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਤਰਕ ਦਾ ਸੰਬੰਧ ਦਲੀਲ ਨਾਲ ਹੈ ਅਤੇ ਬੇ-ਤਰਕ ਦਾ ਸੰਬੰਧ ਅੰਧ-ਵਿਸ਼ਵਾਸ਼ ਨਾਲ। ਉਨ੍ਹਾਂ ਕਿਹਾ ਕਿ ਬੇ-ਤਰਕ ਲੋਕਾਂ ਵਿੱਚ ਮਾਨਸਿਕ ਰੋਗਾਂ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਆਮ ਲੋਕਾਂ ਨਾਲੋਂ ਵਧੇਰੇ ਹੁੰਦੀ ਹੈ।

ਗੁਰਪ੍ਰੀਤ ਭਦੌੜ ਅਤੇ ਬਲਦੇਵ ਸਿੰਘ ਦੀ ਟੀਮ ਨੇ ਜਾਦੂ ਦੇ ਟਰਿੱਕਾਂ ਦੀ ਸ਼ਾਨਦਾਰ ਪੇਸ਼ਕਾਰੀ ਨਾਲ ਲੋਕਾਂ ਨੂੰ ਅਚੰਭਿਤ ਕੀਤਾ। ਗੁਰਪ੍ਰੀਤ ਭਦੌੜ ਨੇ ਜਿੱਥੇ ਆਪਣੀ ਵਿਲੱਖਣ ਕਲਾ ਨਾਲ ਦਰਸ਼ਕਾਂ ਨੂੰ ਹੈਰਾਨ ਕੀਤਾ, ਉੱਥੇ ਉਸ ਨੇ ਤਰਕਸ਼ੀਲ ਸੁਨੇਹਾ ਵੀ ਦਿੱਤਾ ਕਿ ਅਗਿਆਨਤਾ ਹੀ ਅੰਧ ਵਿਸ਼ਵਾਸ ਨੂੰ ਜਨਮ ਦਿੰਦੀ ਹੈ। ਉਸ ਵੱਲੋਂ ਪੰਜੋ ਰਫਿਊਜਨ ਅਤੇ ਇੰਜ. ਪਿਆਰਾ ਸਿੰਘ ਚਾਹਲ ਦੀ ਤਰਕਸ਼ੀਲ ਸੁਨੇਹੇ ਵਾਲੀ ਗਜ਼ਲ ਦੀ ਭਾਵਪੂਰਤ ਪੇਸ਼ਕਾਰੀ ਵੀ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲੀ।

ਲੋਕ ਕਲਾ ਮੰਚ ਮੁੱਲਾਂਪੁਰ ਦੇ ਨਿਰਦੇਸ਼ਕ ਡਾ. ਸੁਰਿੰਦਰ ਸ਼ਰਮਾ ਦਾ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਨਾਟਕ ‘ਦੋ ਰੋਟੀਆਂ’ ਪ੍ਰੋਗਰਾਮ ਦਾ ਸਿਖਰ ਹੋ ਨਿਬੜਿਆ। ਨਾਟਕ ਪੰਜਾਬ ਤੋਂ ਕੈਨੇਡਾ ਪੜ੍ਹਨ ਆਏ ਵਿਦਿਆਰਥੀਆਂ ਦੀਆਂ ਦੁਸ਼ਵਾਰੀਆਂ ਅਤੇ ਇੱਥੋਂ ਦੇ ਲੋਕਾਂ ਵੱਲੋਂ ਉਨਾਂ ਦੀ ਲੁੱਟ ਤੋਂ ਸ਼ੁਰੂ ਹੁੰਦਾ ਹੋਇਆ ਕੌਮੀ ਅਤੇ ਕੌਮਾਂਤਰੀ ਸਰੋਕਾਰਾਂ ਨੂੰ ਮੁਖਾਤਿਬ ਹੋਇਆ। ਸੁਰਿੰਦਰ ਸ਼ਰਮਾ ਵੱਲੋਂ ਮਾਸਟਰ ਜੀ ਦੀ ਭੂਮਿਕਾ ਵਿੱਚ ਰਚਾਏ ਤਿੱਖੇ ਅਤੇ ਭਾਵੁਕ ਸੰਵਾਦਾਂ ਨਾਲ ਦਰਸ਼ਕਾਂ ਦੀ ਸੋਚ ਨੂੰ ਹਲੂਣਿਆਂ। ਪੰਜਾਬ ਤੋਂ ਆਏ ਵਿਦਿਆਰਥੀ ਦਾ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆਉਣਾ ਅਤੇ ਉਸ ਜੰਜਾਲ ਵਿੱਚੋਂ ਬਾਹਰ ਨਿਕਲਣ ਦੀਆਂ ਲੇਲ੍ਹੜੀਆਂ ਨੇ ਅਹਰ ਇਕ ਦਰਸ਼ਕ ਦੀਆਂ ਅੱਖਾਂ ਸਿੱਲੀਆਂ ਕੀਤੀ। ਪਾਗਲ ਦੇ ਰੋਲ ਵਿੱਚ ਪ੍ਰਿੰਸ ਗੋਸਵਾਮੀ ਨੇ ਸਮਾਜਿਕ, ਆਰਥਿਕ ਅਤੇ ਸਿਆਸੀ ਵਰਤਾਰੇ ਉੱਪਰ ਕਰਾਰੀਆਂ ਚੋਟਾਂ ਲਾਈਆਂ। ਮਾਸਟਰ ਦੀ ਪਤਨੀ ਦੀ ਭੂਮਿਕਾ ਵਿੱਚ ਬਲਵਿੰਦਰ ਗਰੇਵਾਲ, ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਦਿਆਰਥੀ ਦੀ ਭੂਮਿਕਾ ਵਿੱਚ ਬੀਰ ਬਟਾਲਵੀ, ਬਲਵੰਤ ਰੁਪਾਲ ਦੀ ਅਦਾਕਾਰੀ ਬਾ-ਕਮਾਲ ਸੀ। ਨਾਟਕ ਦੀ ਸਮਾਪਤੀ ‘ਤੇ ਦਰਸ਼ਕਾਂ ਨੇ ਆਪਣੀਆਂ ਸੀਟਾਂ ਤੋਂ ਖੜ੍ਹੇ ਹੋ ਕੇ ਲਗਾਤਾਰ ਤਾੜੀਆਂ ਦੀ ਗੂੰਜ ਨਾਲ ਪੂਰੀ ਟੀਮ ਦੀ ਹੱਲਾਸ਼ੇਰੀ ਦਿੱਤੀ।

ਤਰਕਸ਼ੀਲ ਸੁਸਾਇਟੀ ਐਬਟਸਫੋਰਡ ਦੇ ਪ੍ਰਧਾਨ ਡਾ. ਸੁਖਦੇਵ ਮਾਨ ਨੇ ਦਰਸ਼ਕਾਂ ਦੇ ਭਰਪੂਰ ਹੁੰਗਾਰੇ ਅਤੇ ਪ੍ਰੋਗਰਾਮ ਦੀ ਸਫਲਤਾ ਲਈ ਸਾਰਿਆਂ ਦਾ ਧੰਨਵਾਦ ਕੀਤਾ। ਸਾਧੂ ਸਿੰਘ ਗਿੱਲ ਨੇ ਪ੍ਰੋਗਰਾਮ ਲਈ ਵਿੱਤੀ ਯੋਗਦਾਨ ਲਈ ਲੋਕਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਹੋਰ ਵਧੀਆ ਪ੍ਰੋਗਰਾਮ ਕਰਨ ਦੀ ਵਚਨਬੱਧਤਾ ਦੁਹਰਾਈ।

## ਸਕੂਲ ਪੱਧਰ ਤੇ ਪੇਂਟਿੰਗ ਮੁਕਾਬਲੇ ’ਚ ਜੇਤੂ ਰਹੇ 50 ਵਿਦਿਆਰਥੀਆਂ ਨੂੰ ਸਮਾਰਟ ਵਾਚ ਦੇ ਕੇ ਸਨਮਾਨਿਤ ਕੀਤਾ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 1 ਸਤੰਬਰ : ਕਿਸ਼ੋਰ ਸਿੱਖਿਆ ਤਹਿਤ ਜ਼ਿਲਾ ਫ਼ਰੀਦਕੋਟ ਦੇ 50 ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ’ਚ ਪੇਂਟਿੰਗ ਮੁਕਾਬਲੇ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ਼੍ਰੀਮਤੀ ਨੀਲਮ ਰਾਣੀ, ਉਪ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਸ਼੍ਰੀ ਪ੍ਰਦੀਪ ਦਿਓੜਾ ਦੀ ਯੋਗ ਸਰਪ੍ਰਸਤੀ ਅਤੇ ਜ਼ਿਲਾ ਨੋਡਲ ਅਫ਼ਸਰ/ਪ੍ਰਿੰਸੀਪਲ ਦੀਪਕ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਪੰਜਗਰਾਈ ਕਲਾਂ ਅਤੇ ਸਹਾਇਕ ਨੋਡਲ ਅਫ਼ਸਰ/ਪੰਜਾਬੀ ਮਾਸਟਰ ਜਸਬੀਰ ਸਿੰਘ ਜੱਸੀ ਦੀ ਯੋਗ ਅਗਵਾਈ ਹੇਠ ਡਾ.ਮਹਿੰਦਰ ਬਰਾੜ ਸਾਂਭੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫ਼ਰੀਦਕੋਟ ਵਿਖੇ ਕਰਵਾਏ ਗਏ। ਇਸ ਮੌਕੇ ਜ਼ਿਲਾ ਦੇ 50 ਸਕੂਲਾਂ ਦੇ ਸਕੂਲ ਪੱਧਰ ਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਆਪਣੀਆਂ ਮਨਮੋਹਕ ਪੇਂਟਿੰਗਜ਼ ਨਾਲ ਪਹੁੰਚੇ। ਇਸ ਮੌਕੇ ਕੀਤੇ ਗਏ ਸੈਮੀਨਾਰ ਦੌਰਾਨ ਮੁੱਖ ਬੁਲਾਰਿਆਂ ਵਜੋਂ ਸਿਵਲ ਸਰਜਨ ਫ਼ਰੀਦਕੋਟ ਡਾ.ਚੰਦਰ ਸ਼ੇਖਰ ਕੱਕੜ, ਚੀਫ਼ ਫ਼ਾਰਮੇਸੀ ਅਫ਼ਸਰ ਸੁਨੀਲ ਕੁਮਾਰ ਪਹੁੰਚੇ। ਦੋਹਾਂ ਬੁਲਾਰਿਆਂ ਨੇ ਬੜੀ ਵਿਸਥਾਰ ਨਾਲ ਨਸ਼ਿਆਂ ਦੇ ਕਾਰਨ, ਲੱਛਣ, ਬਚਾਅ, ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਸਬੰਧੀ ਅਤੇ ਏਡਜ਼ ਦੇ ਕਾਰਨ, ਲੱਛਣ, ਇਲਾਜ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਚੰਗੀ ਸਿਹਤ ਸਬੰਧੀ ਆਦਤਾਂ ਅਤੇ ਖਾਣ-ਪੀਣ ਸਬੰਧੀ ਵੀ ਦਿਲਚਸਪ ਢੰਗ ਨਾਲ ਪ੍ਰੇਰਿਤ ਕੀਤਾ।

ਇਸ ਮੌਕੇ ਪਹੁੰਚੇ ਮਹਿਮਾਨਾਂ, ਵਿਦਿਆਰਥੀਆਂ ਤੇ ਬੁਲਾਰਿਆਂ ਨੂੰ ਜੀ ਆਇਆਂ ਨੂੰ ਆਖਦਿਆਂ ਪ੍ਰਿੰਸੀਪਲ ਭੁਪਿੰਦਰ ਸਿੰਘ ਬਰਾੜ ਨੇ ਕਿਸ਼ੋਰ ਸਿੱਖਿਆ ਸਬੰਧੀ ਆਪਣੇ ਨਿੱਜੀ ਅਨੁਭਵ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਸ਼੍ਰੀਮਤੀ ਨੀਲਮ ਰਾਣੀ ਨੇ ਕਿਹਾ ਸਾਨੂੰ ਸਾਰਾ ਜੀਵਨ ਨਸ਼ਿਆਂ ਤੋਂ ਦੂਰ ਰਹਿ ਕੇ ਸਖ਼ਤ ਮਿਹਨਤ ਕਰਦਿਆਂ ਆਪਣੇ ਅਧਿਆਪਕਾਂ ਤੇ ਮਾਪਿਆਂ ਦਾ ਨਾਮ ਰੌਸ਼ਨ ਕਰਨਾ ਚਾਹੀਦਾ ਹੈ। ਉਪ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ਼੍ਰੀ ਪ੍ਰਦੀਪ ਦਿਓੜਾ ਨੇ ਕਿਹਾ ਇੱਥੋਂ ਪ੍ਰਾਪਤ ਗਿਆਨ ਨੂੰ ਸਾਨੂੰ ਸਮਾਜ ’ਚ ਅੱਗੇ ਵੰਡਣਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਸਮਾਜ ਨੂੰ ਏਡਜ਼ ਅਤੇ ਨਸ਼ਿਆਂ ਤੋਂ ਮੁਕਤੀ ਦੁਆ ਸਕੀਏ। ਜ਼ਿਲਾ ਨੋਡਲ ਅਫ਼ਸਰ ਪ੍ਰਿੰਸੀਪਲ ਦੀਪਕ ਸਿੰਘ ਨੇ ਅਡੋਲਸੈਂਸ ਐਜੂਕੇਸ਼ਨ ਦੀ ਮਹੱਤਤਾ ਤੇ ਵਿਸਥਾਰ ਨਾਲ ਚਾਨਣਾ ਪਾਇਆ। ਸਹਾਇਕ ਨੋਡਲ ਅਫ਼ਸਰ ਪੰਜਾਬੀ ਮਾਸਟਰ ਜਸਬੀਰ ਸਿੰਘ ਜੱਸੀ ਨੇ ਮੰਚ ਸੰਚਾਲਕ ਕਰਦਿਆਂ ਦੱਸਿਆ ਕਿ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਵਿਦਿਆਰਥੀਆਂ ਨੂੰ ਕਿਸ਼ੋਰ ਸਿੱਖਿਆ ਦੇਣ ਵਾਸਤੇ ਸਮੇਂ-ਸਮੇਂ ਤੇ ਉਪਰਾਲੇ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਅੱਜ ਸਕੂਲ ਪੱਧਰ ਤੇ ਜੇਤੂ ਰਹੇ ਵਿਦਿਆਰਥੀਆਂ ਨੂੰ ਸਮਾਰਟ ਵਾਚ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਏਡਜ਼ ਅਤੇ ਨਸ਼ਿਆਂ ਖਿਲਾਫ਼ ਜਾਗਰੂਕਤਾ ਪੈਦਾ ਕਰਦੇ ਚਾਰਟ ਵੇਖ ਕੇ ਹਾਜ਼ਰੀਨ ਵਾਰ-ਵਾਰ ਦੇਣ ਲਈ ਮਜ਼ਬੂਰ ਹੋਏ।ਇਸ ਪ੍ਰੋਗਰਾਮ ਦੀ ਸਫ਼ਲਤਾ ਵਾਸਤੇ ਪੰਜਾਬੀ ਮਾਸਟਰ ਹਰਬਿੰਦਰ ਸਿੰਘ ਸੋਢੀ ਸਰਕਾਰੀ ਮਿਡਲ ਸਕੂਲ ਬੀੜ ਸਿੱਖਾਂਵਾਲਾ, ਪੰਜਾਬੀ ਮਾਸਟਰ ਸੁਰਿੰਦਰਪਾਲ ਸਿੰਘ ਸੋਨੀ ਸਰਕਾਰੀ ਮਿਡਲ ਸਕੂਲ ਚਹਿਲ, ਹਿੰਦੀ ਮਾਸਟਰ ਜਸਵਿੰਦਰ ਸਿੰਘ ਪੁਰਬਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜਗਰਾਈ ਕਲਾਂ, ਪੰਜਾਬੀ ਮਾਸਟਰ ਦਵਿੰਦਰ ਸ਼ਰਮਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰ ਸਿੰਘ ਵਾਲਾ, ਐਸ.ਐਸ.ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੀਕਲਾਂ ਨਰਿੰਦਰ ਸ਼ਰਮਾ, ਦਫ਼ਤਰ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਦੇ ਡਾਟਾ ਐਂਟਰੀ ਆਪ੍ਰੇਟਰ ਦਲਵਿੰਦਰ ਸਿੰਘ ਬਰਾੜ, ਮਿਊਜ਼ਿਕ ਮਿਸਟ੍ਰੈਸ ਪ੍ਰਦੀਪ ਕੌਰ, ਲੈਕਚਰਾਰ ਅੰਗਰੇਜ਼ੀ ਪੁਸ਼ਪਦੀਪ ਕੌਰ ਦੋਹੇਂ ਡਾ. ਮਹਿੰਦਰ ਬਰਾੜ ਸਾਂਭੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫ਼ਰੀਦਕੋਟ ਨੇ ਵੱਡਮੁੱਲਾ ਯੋਗਦਾਨ ਦਿੱਤਾ। ਸਮਾਗਮ ਦੇ ਅੰਤ ’ਚ ਬੱਚਿਆਂ ਅਤੇ ਅਧਿਆਪਕਾਂ ਨੂੰ ਰਿਫ਼ਰੈਸ਼ਮੈਂਟ ਵੀ ਦਿੱਤੀ ਗਈ।

## ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕੰਪਨੀਆਂ ਨੂੰ ਨਿਸ਼ਾਨਾ ਬਣਾ ਕੇ ਸੈਕੰਡਰੀ ਪਾਬੰਦੀਆਂ ਲਗਾਉਣ ਦਾ ਸਮਰਥਨ ਕੀਤਾ ਜੋ ਰੂਸ ਨੂੰ ਯੂਕਰੇਨ ਵਿਰੁੱਧ ਆਪਣੀ ਜੰਗ ਨੂੰ ਜਾਰੀ ਰੱਖਣ ਵਿੱਚ ਮਦਦ ਕਰਦੀਆਂ ਹਨ

ਵਰਲਡ ਪੰਜਾਬੀ ਟਾਈਮਜ਼

ਪੈਰਿਸ 1 ਸਤੰਬਰ : ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਤੀਜੇ ਦੇਸ਼ਾਂ ਦੀਆਂ ਕੰਪਨੀਆਂ ਨੂੰ ਨਿਸ਼ਾਨਾ ਬਣਾ ਕੇ ਸੈਕੰਡਰੀ ਪਾਬੰਦੀਆਂ ਲਗਾਉਣ ਦਾ ਸਮਰਥਨ ਕੀਤਾ ਜੋ ਰੂਸ ਨੂੰ ਯੂਕਰੇਨ ਵਿਰੁੱਧ ਆਪਣੀ ਜੰਗ ਨੂੰ ਜਾਰੀ ਰੱਖਣ ਵਿੱਚ ਮਦਦ ਕਰਦੀਆਂ ਹਨ।

ਨੇਤਾਵਾਂ ਨੇ ਇਹ ਟਿੱਪਣੀਆਂ 29 ਅਗਸਤ ਨੂੰ ਫਰਾਂਸ ਦੇ ਟੂਲੋਨ ਵਿੱਚ ਇੱਕ ਸਾਂਝੀ ਸਰਕਾਰੀ ਮੀਟਿੰਗ ਤੋਂ ਬਾਅਦ ਕੀਤੀਆਂ।

ਮੈਕਰੋਨ ਨੇ ਕਿਹਾ ਕਿ ਫਰਾਂਸ ਸੁਤੰਤਰ ਤੌਰ 'ਤੇ ਵਾਧੂ ਪਾਬੰਦੀਆਂ ਅਪਣਾਉਣ ਲਈ ਤਿਆਰ ਹੈ ਪਰ ਸੰਯੁਕਤ ਰਾਜ ਅਮਰੀਕਾ ਨਾਲ ਨਜ਼ਦੀਕੀ ਤਾਲਮੇਲ ਦੀ ਅਪੀਲ ਕੀਤੀ।

"ਅਸੀਂ ਆਪਣੇ ਤੌਰ 'ਤੇ ਕਾਰਵਾਈ ਕਰਨ ਲਈ ਤਿਆਰ ਹਾਂ, ਪਰ ਅਸੀਂ ਅਮਰੀਕਾ ਨੂੰ ਰੂਸ ਨੂੰ ਗੱਲਬਾਤ ਦੀ ਮੇਜ਼ 'ਤੇ ਵਾਪਸ ਲਿਆਉਣ ਲਈ ਇਨ੍ਹਾਂ ਯਤਨਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਾਂ," ਉਸਨੇ ਮਰਜ਼ ਨਾਲ ਇੱਕ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਕਿਹਾ।

ਯੂਰਪੀਅਨ ਯੂਨੀਅਨ ਪਾਬੰਦੀਆਂ ਨੂੰ ਬਾਈਪਾਸ ਕਰਨ ਵਿੱਚ ਰੂਸ ਦੀ ਮਦਦ ਕਰਨ ਵਾਲੇ ਦੇਸ਼ਾਂ ਵਿਰੁੱਧ ਸੈਕੰਡਰੀ ਪਾਬੰਦੀਆਂ 'ਤੇ ਵਿਚਾਰ ਕਰਦਾ ਹੈ।

ਪੈਰਿਸ ਅਤੇ ਬਰਲਿਨ ਨੇ ਮਾਸਕੋ 'ਤੇ ਵੱਧ ਤੋਂ ਵੱਧ ਦਬਾਅ ਪਾਉਣ ਦੇ ਉਦੇਸ਼ ਨਾਲ ਯੂਰਪੀਅਨ ਯੂਨੀਅਨ ਦੇ ਅੰਦਰ ਅਤੇ G7 ਨਾਲ ਪਾਬੰਦੀਆਂ ਦਾ ਵਿਸਥਾਰ ਅਤੇ ਮਜ਼ਬੂਤੀ ਲਈ ਸਹਿਯੋਗ ਨੂੰ ਡੂੰਘਾ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਵੀ ਕੀਤਾ।

ਇਹ ਪਹਿਲ ਯੂਕਰੇਨ 'ਤੇ ਰੂਸੀ ਹਮਲਿਆਂ ਦੀ ਇੱਕ ਨਵੀਂ ਲਹਿਰ ਦੇ ਵਿਚਕਾਰ ਆਈ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ, ਕੀਵ ਨੂੰ ਸਾਲ ਦੇ ਸਭ ਤੋਂ ਭਾਰੀ ਹਮਲਿਆਂ ਵਿੱਚੋਂ ਇੱਕ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ ਡਰੋਨ ਅਤੇ ਮਿਜ਼ਾਈਲਾਂ ਸ਼ਾਮਲ ਸਨ, ਜਿਸ ਵਿੱਚ ਘੱਟੋ-ਘੱਟ 25 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ ਚਾਰ ਬੱਚੇ ਵੀ ਸ਼ਾਮਲ ਸਨ।

## ਸੰਘੀ ਅਪੀਲ ਅਦਾਲਤ ਦਾ ਫੈਸਲਾ – ਰਾਸ਼ਟਰਪਤੀ ਟਰੰਪ ਦੇ ਜ਼ਿਆਦਾਤਰ ਵਿਆਪਕ ਗਲੋਬਲ ਟੈਰਿਫ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (IEEPA) ਦੇ ਤਹਿਤ ਗੈਰ-ਕਾਨੂੰਨੀ

ਵਰਲਡ ਪੰਜਾਬੀ ਟਾਈਮਜ਼



ਸਰੀ ਕੈਨੇਡਾ 1 ਸਤੰਬਰ : ਇੱਕ ਸੰਘੀ ਅਪੀਲ ਅਦਾਲਤ ਨੇ ਸ਼ੁੱਕਰਵਾਰ ਨੂੰ ਫੈਸਲਾ ਸੁਣਾਇਆ ਕਿ ਰਾਸ਼ਟਰਪਤੀ ਟਰੰਪ ਦੇ ਜ਼ਿਆਦਾਤਰ ਵਿਆਪਕ ਗਲੋਬਲ ਟੈਰਿਫ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (IEEPA) ਦੇ ਤਹਿਤ ਗੈਰ-ਕਾਨੂੰਨੀ ਹਨ, ਇੱਕ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਦੇ ਹੋਏ ਕਿ ਟਰੰਪ ਨੇ ਆਪਣੇ ਸੰਵਿਧਾਨਕ ਅਧਿਕਾਰ ਨੂੰ ਪਾਰ ਕੀਤਾ ਹੈ। ਫੈਡਰਲ ਸਰਕਟ ਲਈ ਅਮਰੀਕੀ ਅਪੀਲ ਅਦਾਲਤ ਨੇ ਪਾਇਆ ਕਿ ਟਰੰਪ ਦੇ "ਲਿਬਰੇਸ਼ਨ ਡੇ" ਪਰਸਪਰ ਟੈਰਿਫ ਅਤੇ ਚੀਨ, ਕੈਨੇਡਾ ਅਤੇ ਮੈਕਸੀਕੋ 'ਤੇ ਫੈਂਟਾਨਿਲ-ਸਬੰਧਤ ਡਿਊਟੀਆਂ ਨੇ ਸੰਘੀ ਕਾਨੂੰਨ ਦੀ ਉਲੰਘਣਾ ਕੀਤੀ, ਪਰ ਸੰਭਾਵਤ ਸੁਪਰੀਮ ਕੋਰਟ ਦੀ ਅਪੀਲ ਲਈ ਸਮਾਂ ਦੇਣ ਲਈ ਲਾਗੂ ਕਰਨ ਵਿੱਚ ਅਕਤੂਬਰ ਤੱਕ ਦੇਰੀ ਕੀਤੀ।

ਇਹ ਫੈਸਲਾ IEEPA ਅਧੀਨ ਲਗਾਏ ਗਏ ਟੈਰਿਫਾਂ ਨੂੰ ਪ੍ਰਭਾਵਤ ਕਰਦਾ ਹੈ ਪਰ ਵੱਖ-ਵੱਖ ਰਾਸ਼ਟਰੀ ਸੁਰੱਖਿਆ ਕਾਨੂੰਨਾਂ ਅਧੀਨ ਲਾਗੂ ਕੀਤੇ ਗਏ ਸਟੀਲ, ਐਲੂਮੀਨੀਅਮ ਅਤੇ ਆਟੋਮੋਬਾਈਲਜ਼ 'ਤੇ ਵੱਖਰੇ ਡਿਊਟੀਆਂ ਨੂੰ ਪ੍ਰਭਾਵਤ ਨਹੀਂ ਕਰਦਾ ਹੈ।

ਕਾਨੂੰਨੀ ਚੁਣੌਤੀ ਸੰਭਾਵੀ ਦੀਵਾਲੀਆਪਨ ਦਾ ਸਾਹਮਣਾ ਕਰ ਰਹੇ ਛੋਟੇ ਕਾਰੋਬਾਰਾਂ ਅਤੇ ਬਾਰਾਂ ਰਾਜਾਂ ਦੁਆਰਾ ਲਿਆਂਦੀ ਗਈ ਸੀ, ਇਹ ਦਲੀਲ ਦਿੰਦੇ ਹੋਏ ਕਿ ਕਾਂਗਰਸ ਦੀ ਟੈਕਸ ਲਗਾਉਣ ਦੀ ਵਿਸ਼ੇਸ਼ ਸ਼ਕਤੀ ਨੂੰ ਕਾਰਜਕਾਰੀ ਸ਼ਾਖਾ ਨੂੰ ਇੰਨੇ ਵਿਆਪਕ ਤੌਰ 'ਤੇ ਸੌਂਪਿਆ ਨਹੀਂ ਜਾ ਸਕਦਾ।

ਟਰੰਪ ਟੈਰਿਫ ਲਗਾਉਣ ਲਈ 1977 ਦੇ ਐਮਰਜੈਂਸੀ ਸ਼ਕਤੀਆਂ ਕਾਨੂੰਨ ਦੀ ਵਰਤੋਂ ਕਰਨ ਵਾਲੇ ਪਹਿਲੇ ਰਾਸ਼ਟਰਪਤੀ ਬਣੇ, ਦਾਅਵਾ ਕੀਤਾ ਕਿ ਵਪਾਰ ਘਾਟੇ ਅਤੇ ਫੈਂਟਾਨਿਲ ਪ੍ਰਵਾਹ ਰਾਸ਼ਟਰੀ ਐਮਰਜੈਂਸੀਆਂ ਦਾ ਗਠਨ ਕਰਦੇ ਹਨ ਜੋ IEEPA ਅਥਾਰਟੀ ਦੀ ਬੇਮਿਸਾਲ ਵਰਤੋਂ ਦੀ ਵਾਰੰਟੀ ਦਿੰਦੇ ਹਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ, ਡਾ. ਐਸ ਪੀ ਐਸ ਓਬਰਾਏ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਲਈ 1.5 ਕਰੋੜ ਰੁਪਏ ਸਹਾਇਤਾ ਜਾਰੀ ।

### ਰਾਸ਼ਨ ਕਿੱਟਾਂ, ਮੱਛਰਦਾਨੀਆਂ, ਦਵਾਈਆਂ, ਪਸ਼ੂਆਂ ਦਾ ਚਾਰਾ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਵੰਡ ਜਾਰੀ ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 1 ਸਤੰਬਰ : ਵਿਸ਼ਵ ਪ੍ਰਸਿੱਧ ਸਮਾਜਸੇਵੀ ਅਤੇ ਕਾਰੋਬਾਰੀ , ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ, ਡਾ. ਐਸਪੀਐਸ ਓਬਰਾਏ ਵੱਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ 1.5 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਫਰੀਦਕੋਟ ਦੇ ਪ੍ਰਧਾਨ ਭਰਪੂਰ ਸਿੰਘ ਤੇ ਪ੍ਰੈਸ ਸਕੱਤਰ ਪਰਦੀਪ ਚਮਕ ਨੇ ਦੱਸਿਆ ਕਿ ਪੰਜਾਬੀਆਂ ਤੇ ਜਦ ਵੀ ਕਦੇ ਔਖਾਂ ਸਮਾਂ ਆਇਆ ਹੈ ਤਾਂ ਐਸਪੀਐਸ ਓਬਰਾਏ ਹਮੇਸ਼ਾ ਪੰਜਾਬੀਆ ਨਾਲ ਖੜੇ ਹਨ । ਉਹਨਾਂ ਕਿਹਾ ਕਿ ਜਦ ਪੰਜਾਬ ਦਾ ਬਹੁਤਾ ਹਿੱਸਾ ਕੁਦਰਤੀ ਆਫਤ ਹੜ ਦੀ ਲਪੇਟ ਵਿੱਚ ਹੈ ਤਾਂ ਓਬਰਾਏ ਸਾਹਿਬ ਨੇ ਹੜ ਪੀੜਤਾਂ ਨੂੰ ਰਾਸ਼ੀ ਤੁਰੰਤ ਜਾਰੀ ਕਰ ਦਿੱਤੀ ਹੈ । ਉਹਨਾਂ ਦੱਸਿਆ ਕਿ ਟਰੱਸਟ ਦੀਆਂ ਟੀਮਾਂ ਹੜ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰ ਰਹੀਆਂ ਹਨ ਅਤੇ ਜ਼ਰੂਰੀ ਰਾਹਤ ਸਮੱਗਰੀ ਜਿਸ ਵਿੱਚ ਰਾਸ਼ਨ ਕਿੱਟਾਂ, ਮੱਛਰਦਾਨੀਆਂ, ਦਵਾਈਆਂ, ਪਸ਼ੂਆਂ ਦਾ ਚਾਰਾ ਅਤੇ ਹੋਰ ਜ਼ਰੂਰੀ ਚੀਜ਼ਾਂ ਸ਼ਾਮਲ ਹਨ ਪ੍ਰਭਾਵਿਤ ਲੋਕਾਂ ਤੱਕ ਖੁਦ ਪਹੁੰਚਾ ਰਹੀਆਂ ਹਨ। ਉਹਨਾਂ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਅਤੇ ਵਿਸ਼ਵ ਪੱਧਰ 'ਤੇ ਪ੍ਰਸਿੱਧ ਦਾਨੀ, ਡਾ. ਐਸ. ਪੀ. ਸਿੰਘ ਓਬਰਾਏ ਦੀ ਯੋਗ ਅਗਵਾਈ ਹੇਠ ਅਤੇ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਸਰਦਾਰ ਜੱਸਾ ਸਿੰਘ ਸੰਧੂ ਦੇ ਨਿਰਦੇਸ਼ਾਂ ਅਨੁਸਾਰ, ਸਰਹੱਦੀ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਪਸ਼ੂਆਂ ਲਈ 20 ਟਨ ਸੁੱਕੇ ਚਾਰੇ ਦੀ ਇੱਕ ਖੇਪ ਉੱਥੋ ਦੀ ਟੀਮ ਵੱਲੋਂ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੌਂਪੀ ਗਈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਦੇ ਭਰਪੂਰ ਸਿੰਘ ਤੇ ਪਰਦੀਪ ਚਮਕ ਨੇ ਕਿਹਾ ਕਿ ਪੰਜਾਬ ਫਿਰ ਤੋਂ ਮੁਸੀਬਤ ਵਿੱਚ ਹੈ। ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਆਦਿ 8 ਤੋਂ 9 ਜ਼ਿਲ੍ਹਿਆਂ ਦੇ ਲਗਭਗ 1300 ਪਿੰਡ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹਨ, ਜਿੱਥੇ 5-6 ਫੁੱਟ ਪਾਣੀ ਹੈ, ਫਸਲਾਂ ਤਬਾਹ ਹੋ ਗਈਆਂ ਹਨ ਅਤੇ 70-80 ਹਜਾਰ ਪਸ਼ੂ ਚਾਰੇ ਤੋਂ ਬਿਨਾਂ ਹਨ। ਉਹਨਾਂ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ ਇੱਥੇ ਜ਼ਰੂਰੀ ਚੀਜ਼ਾਂ ਪਹੁੰਚਾ ਰਹੀਆਂ ਹਨ। ਉਹਨਾਂ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਇਸ ਤੋਂ ਪਹਿਲਾ ਕਰੋਨਾ ਕਾਲ, ਹੜ ਪੀੜਤ ਤੇ ਕਿਸਾਨ ਅੰਦੋਲਨ ਵਿੱਚ ਵੀ ਆਪਣਾ ਫਰਜ ਨਿਭਾਇਆ ਸੀ ਤੇ ਹਰ ਤਰਾਂ ਦੀ ਸਹਾਇਤਾ ਮਹੁੱਈਆ ਕਰਵਾਈ ਸੀ। ਉਹਨਾਂ ਦੱਸਿਆ ਕਿ ਪਹਿਲਾ ਵੀ ਹੜ ਪ੍ਰਭਾਵਿਤ ਇਲਾਕੇ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਨਵੇਂ ਮਕਾਨ ਬਣਾਕੇ ਦਿੱਤੇ ਸਨ ਅਤੇ ਪ੍ਰਭਾਵਿਤ ਮਕਾਨਾਂ ਦੀ ਮੁਰੰਮਤ ਕਰਵਾ ਕੇ ਦਿੱਤੀ ਸੀ । ਉਹਨਾਂ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ ਅਤੇ ਮੈਨਜਮਿੰਟ ਇਸ ਦੁੱਖ ਦੀ ਘੜੀ ਵਿੱਚ ਪੰਜਾਬੀਆ ਦੇ ਨਾਲ ਹਨ ।

## ਸ਼ਾਨਦਾਰ ਰਿਹਾ ਰਾਸ਼ਟਰੀ ਕਾਵਿ ਸਾਗਰ ਵੱਲੋਂ ਰੋਟਰੀ ਕਲੱਬ ਮਿਡ ਟਾਊਨ ਪਟਿਆਲਾ ਦੇ ਸਹਿਯੋਗ ਨਾਲ ਕਰਵਾਇਆ ਗਿਆ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ




ਪਟਿਆਲਾ, 1 ਸਤੰਬਰ : ਰਾਸ਼ਟਰੀ ਕਾਵਿ ਸਾਗਰ ਨੇ ਅਜ਼ਾਦੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਦਾ ਆਯੋਜਨ ਕੀਤਾ । ਇਸ ਕਵੀ ਦਰਬਾਰ ਵਿੱਚ ਦੇਸ਼-ਪ੍ਰਦੇਸ ਤੋਂ 54 ਕਵੀਆਂ ਨੇ ਭਾਗ ਲਿਆ। ਪ੍ਰੋਗਰਾਮ ਵਿੱਚ ਸ਼ਾਮਿਲ ਕਵੀਆਂ ਵੱਲੋਂ ਸੁਣਾਈਆਂ ਗਈਆਂ ਰਚਨਾਵਾਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਏ ਸ਼ਹੀਦਾਂ ਨੂੰ ਸਮਰਪਿਤ ਸਨ ਤੇ ਕੁਝ ਰਚਨਾਵਾਂ ਅਜ਼ਾਦ ਭਾਰਤ ਦੇ ਅਜੋਕੇ ਹਾਲਾਤਾਂ ਨੂੰ ਸਮਰਪਿਤ ਸਨ। ਇਸ ਸਭਾ ਦੇ ਚੇਅਰਮੈਨ ਰਵਿੰਦਰ ਸ਼ਰਮਾ ਜੀ ਨੇ ਰਿਬਨ ਕੱਟ ਕੇ ਆਗਾਜ਼ ਕੀਤਾ । ਰੋਟੇਰਿਨ ਵਿਸ਼ਾਲ ਸ਼ਰਮਾ ਜੀ ਦੀ ਰੋਟਰੀ ਪ੍ਰਧਾਨ ਦੀ ਤਾਜ਼ ਪੋਸ਼ੀ ਕੀਤੀ ਗਈ । ਰਾਸ਼ਟਰੀ ਗਾਣ ਨਾਲ ਪ੍ਰੋਗਰਾਮ ਸ਼ੁਰੂ ਹੋਇਆ । ਅਮਿਤ ਜਿੰਦਲ (ਸਕੱਤਰ ਰੋਟਰੀ ਕਲੱਬ) ਨੇ ਰੋਟਰੀ ਕਲੱਬ ਵਲੋਂ ਸਭ ਦਾ ਸਵਾਗਤ ਕੀਤਾ । ਰਵਿੰਦਰ ਸ਼ਰਮਾ ਚੇਅਰਮੈਨ ਜੀ ਨੇ ਰਾਸ਼ਟਰੀ ਕਾਵਿ ਸਾਗਰ ਦੇ ਸ਼ੁਰੂ ਹੋਣ ਤੇ ਸਭਾ ਦੇ ਮੰਤਵ ਤੇ ਚਾਨਣਾ ਪਾਉਂਦੇ ਦੱਸਿਆ ਕਿ ਪੰਜ ਮੈਂਬਰਾਂ ਤੋਂ ਸ਼ੁਰੂ ਹੋ ਕੇ ਰਾਸ਼ਟਰੀ ਕਾਵਿ ਸਾਗਰ ਦੇ ਮੈਂਬਰਾਂ ਦੀ ਗਿਣਤੀ ਦੋ ਹਜ਼ਾਰ ਪਾਰ ਕਰ ਚੁੱਕੀ ਹੈ । ਓਹਨਾਂ ਕਵੀਆਂ ਨੂੰ ਤ੍ਰਿਕਾਲ ਦਰਸ਼ੀ ਕਿਹਾ ,ਤੇ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਪ੍ਰਧਾਨ ਆਸ਼ਾ ਸ਼ਰਮਾ ਨੇ ਆਏ ਮਹਿਮਾਨਾਂ ਤੇ ਕਵੀਆਂ ਨੂੰ ਜੀ ਆਇਆਂ ਆਖਿਆ ਤੇ ਉਹਨਾਂ ਨੇ ਦੱਸਿਆ ਕਿ ਅੱਜ ਜ਼ਰੂਰਤ ਹੈ ਕਿ ਅਸੀਂ ਇੱਕ ਦੂਸਰੇ ਦਾ ਸਹਾਰਾ ਬਣੀਏ ਤੇ ਇੱਕ ਚੰਗੇ ਸਮਾਜ ਦੀ ਸਿਰਜਣਾ ਕਰੀਏ। ਅਸੀਂ ਅਜਿਹੇ ਸਮਾਜ ਦੀ ਸਿਰਜਣਾ ਕਰੀਏ ਜਿਸ ਵਿੱਚ ਮੱਕਾਰੀ ,ਧੋਖਾ ਧੜ੍ਹੀ , ਗ਼ੈਰ ਇਨਸਾਨੀਅਤ ਕਿਤੇ ਨਜ਼ਰ ਨਾ ਆਵੇ । ਡਾ. ਉਮਾ ਜੀ ਨੇ ਵੀ ਇਕ ਦੂਸਰੇ ਦੀ ਸਾਂਝ ਨਾਲ਼ ਚੱਲਣ ਤੇ ਇੱਕ ਦੂਸਰੇ ਦਾ ਸਹਾਰਾ ਬਣਨ ਦੀ ਗੱਲ ਕੀਤੀ। ਡਾ. ਸੁਰੇਸ਼ ਨਾਇਕ (ਸਾਬਕਾ ਪ੍ਰਿੰਸੀਪਲ ਪੀ. ਐੱਮ. ਐੱਨ. ਕਾਲਜ ਰਾਜਪੁਰਾ) ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ । ਵਿਸ਼ੇਸ਼ ਮਹਿਮਾਨ ਡਾ. ਰਾਜਵੰਤ ਕੌਰ ਪੰਜਾਬੀ (ਹੈੱਡ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਹਾਜ਼ਰ ਹੋਏ। ਵਿਸ਼ੇਸ਼ ਮਹਿਮਾਨ ਸ਼੍ਰੀ ਨਵੀਨ ਕਮਲ ਭਾਰਤੀ ਸਾਬਕਾ ਅਸਿਸਟੈਂਟ ਜਨਰਲ ਮੈਨੇਜਰ ਰੇਲਵੇ , ਪ੍ਰੋਫੈਸਰ ਭਾਰਤ ਭੂਸ਼ਣ ਅਸੰਧ ,ਸ਼੍ਰੀ ਅਸ਼ੋਕ ਕੁਮਾਰ ਰੌਣੀ ਚੇਅਰਮੈਨ ਪ੍ਰੋਜੈਕਟ ਰੋਟਰੀ ਕਲੱਬ, ਭਗਵਾਨ ਦਾਸ ਗੋਇਲ ਸਾਬਕਾ ਪ੍ਰਧਾਨ ਰੋਟਰੀ ਕਲੱਬ,ਜੀ ਨੇ ਸ਼ਿਰਕਤ ਕੀਤੀ । ਸਰਸਵਤੀ ਵੰਦਨਾ ਗਾਉਂਦੇ ਹੋਏ ਸ਼ਮਾ ਰੌਸ਼ਨ ਕੀਤੀ ਗਈ ,ਜਿਸ ਵਿੱਚ ਡਾ. ਉਮਾ ਜੀ ,ਆਸ਼ਾ ਸ਼ਰਮਾ ,ਡਾਕਟਰ ਸੁਨੀਤ,ਡਾ. ਤਰਲੋਚਨ,ਜਾਗ੍ਰਿਤੀ ਗੌੜ,ਡਾਕਟਰ ਦਰਸ਼ਨ ਸਿੰਘ ਆਸ਼ਟ ,ਡਾ. ਰਾਜਵੰਤ ਕੌਰ ਪੰਜਾਬੀ, ਡਾ. ਸੁਰੇਸ਼ ਨਾਇਕ, ਡਾ. ਇਰਾਦੀਪ,ਨਵੀਨ ਕਮਲ,ਰਵਿੰਦਰ ਸ਼ਰਮਾ ,ਭਗਵਾਨ ਦਾਸ ਗੋਇਲ ਅਸ਼ੋਕ ਰੌਣੀ ਤੇ ਭਾਰਤ ਭੂਸ਼ਣ ਜੀ ਸ਼ਾਮਿਲ ਹੋਏ। ਬੜੇ ਸੁਹਿਰਦਤਾ ਪੂਰਨ ਮਾਹੌਲ ਵਿੱਚ ਕਾਵੀ ਦਰਬਾਰ ਚੱਲਿਆ। ਜਿਸ ਵਿਚ ਕੁੱਲ ੫੬ ਕਵਿਆਂ ਤੇ ੨੫ ਸਰੋਤਿਆਂ ਨੇ ਭਾਗ ਲਿਆ ।

ਚੇਅਰਮੈਨ ਰਵਿੰਦਰ ਸ਼ਰਮਾ ,ਪ੍ਰਧਾਨ ਆਸ਼ਾ ਸ਼ਰਮਾ, ਜਨਰਲ ਸਕੱਤਰ ਡਾ. ਉਮਾ ਸ਼ਰਮਾ ,ਡਾ. ਸੁਰੇਸ਼ ਨਾਇਕ, ਡਾ. ਰਾਜਵੰਤ ਕੌਰ, ਡਾ. ਦਰਸ਼ਨ ਆਸ਼ਟ, ਪ੍ਰੈਜ਼ੀਡੈਂਟ ਰੋਟਰੀ ਕਲੱਬ ਵਿਸ਼ਾਲ ਸ਼ਰਮਾ , ਚੇਅਰਮੈਨ ਪ੍ਰੋਜੈਕਟ ਅਸ਼ੋਕ ਰੌਣੀ,ਅਮਿਤ ਜਿੰਦਲ ,,ਭਾਰਤ ਭੂਸ਼ਣ ਅਸੰਧ, ਨਵੀਨ ਕਮਲ ਭਾਰਤੀ ,ਜਾਗ੍ਰਿਤੀ ਗੌੜ,ਨੀਸ਼ਾ ਮਲਹੋਤਰਾ, ਡਾ. ਇਰਾਦੀਪ, ਡਾ. ਵੀਨਾ ਮਸੌਣ,ਡਾ.ਸੁਨੀਤ ਮਦਾਨ, ਡਾ.ਰਮਾ, ਡਾ. ਸੁਖਪਾਲ ਕੌਰ,ਰਛਪਾਲ ਕੌਰ, ਸਤੀਸ਼ ਵਿਦਰੋਹੀ, ਮੰਗਤ ਖ਼ਾਨ,ਡਾ. ਤਰਲੋਚਨ,ਪ੍ਰੋਫੈਸਰ ਐੱਮ. ਪੀ. ਸਿੰਘ ,ਸਜਨੀ
ਸ਼ਰਮਾ ,ਸਨੇਹਦੀਪ, ਵਿਜੇ ਕੁਮਾਰ ਸ਼ਰਮਾ ,ਸ਼ਾਰਦਾ ਜੀ ,ਸੁਖਦੇਵ ਸਿੰਘ ਗੰਢਵਾ,ਜਗਜੀਤ ਸਿੰਘ ਸਾਹਨੀ,ਅਮਰਜੀਤ ਕੌਰ ਸਿੱਧੂ,ਇੰਦੂ ਪੌਲ,ਕਿਰਨ ਸਿੰਗਲਾ,ਹਰਿ ਦੱਤ ਹਬੀਬ, ਡਾ.ਅਮਰ ਜਯੋਤੀ ਮਾਂਗਟ ,ਮਨਜੀਤ ਅਜ਼ਾਦ,ਸੁਸ਼ੀਲ ਅਜ਼ਾਦ,ਗੁਰਚਰਨ ਸਿੰਘ ਜੋਗੀ , ਗੁਰਉਪਦੇਸ਼ ਕੌਰ,ਜਸਵਿੰਦਰ ਕੌਰ, ਟੀ. ਐੱਨ. ਸ਼ਰਮਾ, ਗੁਰਦਰਸ਼ਨ ਸਿੰਘ ਗੁਸੀਲ,ਅਨੀਤਾ ਪਟਿਆਲਵੀ(ਪ੍ਰਧਾਨ ਸ਼ਬਦਾਂ ਦੀ ਲੋਅ, ਸਾਹਿਤਕ ਗਰੁੱਪ),ਸੁਰਿੰਦਰ ਆਹਲੂਵਾਲੀਆ, ਪ੍ਰਕਾਸ਼ ਕੌਰ ਪਾਸ਼ਾਂ, ਇੰਦਰਜੀਤ ਸਿੰਘ, ,ਉਪਕਾਰ ਸਿੰਘ, ਡਾ.ਹਰਨੇਕ ਸਿੰਘ ਧੋਟ,ਪਰਮਿੰਦਰ ਮੁਸਾਫ਼ਿਰ,ਜੀਤ ਸਿੰਘ ,ਦਿਨੇਸ਼ ਸ਼ਰਮਾ,ਵੀਨਾ ਸ਼ਰਮਾ,ਗੁਰਨਾਮ ਸਿੰਘ, ਏਕਮ ਜੋਤ ਕੌਰ,ਗੋਪਾਲ ਸ਼ਰਮਾ ,ਗੁਰਚਰਨ ਸਿੰਘ ਪੱਬਾਰਾਲੀ,ਸੰਤੋਸ਼ ਕੁਮਾਰੀ, ਮਨਜੀਤ ਕੌਰ ਤੇ ਬਜਿੰਦਰ ਠਾਕੁਰ ਅਤੇ ਕਈ ਹੋਰ ਸ਼ਾਇਰਾਂ ਨੇ ਸ਼ਿਰਕਤ ਕੀਤੀ ।

ਡਾ. ਸੁਨੀਤ ਡਾਇਰੈਕਟਰ ਆਈ. ਟੀ. ਸੈਕਟਰ, ਡਾ. ਇਰਾਦੀਪ (ਪ੍ਰੋਫੈਸਰ) ਡਾ. ਤਰਲੋਚਨ ਅਤੇ ਜਾਗ੍ਰਿਤੀ ਗੌੜ ਨੇ ਬਾਖੂਬੀ ਮੰਚ ਸੰਚਾਲਨ ਕੀਤਾ । ਭਾਗੀਦਾਰ ਕਵੀਆਂ ਨੇ ਖ਼ੂਬਸੂਰਤ ਸ਼ਾਇਰੀ ਸੁਣਾ ਕੇ ਸਾਰਿਆਂ ਤੋਂ ਵਾਹ ਵਾਹ ਖੱਟੀ । ਮੁੱਖ ਮਹਿਮਾਨ ਨੇ ਸਭ ਰਚਨਾਵਾਂ ਤੇ ਆਪਣੇ ਵਿਚਾਰ ਦਿੱਤੇ। ਬਾਅਦ ਵਿਚ ਸਭ ਦਾ ਸਨਮਾਨ ਸਮਾਰੋਹ ਹੋਇਆ। ਆਸ਼ਾ ਸ਼ਰਮਾ ਤੇ ਡਾ. ਉਮਾ ਨੇ ਸਭ ਆਏ ਕਵੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਰਾਸ਼ਟਰੀ ਕਾਵਿ ਸਾਗਰ ਦਾ ਆਜ਼ਾਦੀ ਅਤੇ ਸਾਵਣ ਨੂੰ ਸਮਰਪਿਤ ਕਵੀ ਦਰਬਾਰ ਬਹੁਤ ਹੀ ਸਫ਼ਲ ਹੋ ਨਿਬੜਿਆ।

## ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਪਸ਼ੂ ਮੇਲੇ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ

### 17 ਅਤੇ 18 ਸਤੰਬਰ ਨੂੰ ਪਸ਼ੂ ਮੇਲੇ ਦਾ ਕੀਤਾ ਜਾਵੇਗਾ ਆਯੋਜਨ-ਸੇਖੋਂ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫ਼ਰੀਦਕੋਟ 1 ਸਤੰਬਰ : ਫ਼ਰੀਦਕੋਟ ਦੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ -2025 ਮੌਕੇ 17-18 ਸਤੰਬਰ ਨੂੰ ਕਰਵਾਏ ਜਾਣ ਵਾਲੇ ਪਸ਼ੂ ਮੇਲੇ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਇਹ ਪਸ਼ੂ ਮੇਲਾ ਫਿਰੋਜ਼ਪੁਰ ਰੋਡ ਨਵੀ ਦਾਣਾ ਮੰਡੀ ਫ਼ਰੀਦਕੋਟ ਵਿਖੇ ਆਯੋਜਿਤ ਕੀਤਾ ਜਾਵੇਗਾ।

ਸ. ਸੇਖੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪਸ਼ੂ ਮੇਲੇ ਵਿੱਚ ਮੱਝਾਂ, ਗਾਵਾਂ ਬੱਕਰੀਆਂ ਆਦਿ ਦੇ ਨਸਲੀ ਮੁਕਾਬਲਿਆਂ ਤੋਂ ਇਲਾਵਾ ਊਠਾਂ,ਬਲਦਾਂ ਅਤੇ ਕੁੱਤਿਆਂ ਦੀਆਂ ਦੌੜਾਂ ਆਦਿ ਖਿੱਚ ਦਾ ਕੇਂਦਰ ਹੋਣਗੀਆਂ। ਇਸ ਤੋਂ ਇਲਾਵਾ ਮੱਝਾਂ, ਗਾਵਾਂ ਆਦਿ ਦੇ ਦੁੱਧ ਚੁਆਈ ਮੁਕਾਬਲੇ ਵੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਜਿਹੜੀਆਂ ਵੀ ਸੰਸਥਾਵਾਂ ਇਸ ਵਿੱਚ ਭਾਗ ਲੈਣਗੀਆਂ ਉਨ੍ਹਾਂ ਲਈ 20 ਤੋਂ ਵੱਧ ਪਸ਼ੂ ਲਿਆਉਣੇ ਜ਼ਰੂਰੀ ਹੋਣਗੇ। ਉਨ੍ਹਾਂ ਕਿਹਾ ਕਿ ਪਸ਼ੂ ਪਾਲਕਾਂ ਲਈ ਖਾਣੇ ਅਤੇ ਰਹਿਣ ਦੇ ਨਾਲ-ਨਾਲ ਪਸ਼ੂਆਂ ਲਈ ਪਾਣੀ ਅਤੇ ਹਰੇ ਚਾਰੇ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਸ ਪਸ਼ੂ ਮੇਲੇ ਨੂੰ ਸਫਲ ਬਣਾਉਣ ਲਈ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ।

ਉਨ੍ਹਾਂ ਕਿਹਾ ਕਿ ਬਾਬਾ ਫਰੀਦ ਆਗਮਨ ਪੁਰਬ ਮਨਾਉਣ ਲਈ ਵੀ ਤਿਆਰੀਆਂ ਜਿਲ੍ਹਾ ਪ੍ਰਸ਼ਾਸਨ ਤੇ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਇਸ ਮੌਕੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸ. ਸੁਰਜੀਤ ਸਿੰਘ ਮੱਲ, ਡਾ. ਜਸਵਿੰਦਰ ਗਰਗ ਏ.ਡੀ, ਚੀਫ ਐਗਰੀਕਲਚਰ ਅਫਸਰ ਡਾ. ਕੁਲਵੰਤ ਸਿੰਘ , ਬਲਾਕ ਖੇਤੀਬਾੜੀ ਅਫਸਰ ਡਾ. ਕੁਲਦੀਪ ਸਿੰਘ ਸੇਖੋ,ਗੁਰਪ੍ਰੀਤ ਸਿੰਘ , ਮਨਜੀਤ ਸਿੰਘ ਅਤੇ ਸਮੂਹ ਵੈਟਨਰੀ ਅਫਸਰ , ਸਮੂਹ ਸਟਾਫ ਪਸ਼ੂ ਪਾਲਣ ਆਦਿ ਹਾਜ਼ਰ ਸਨ।

## ਵਿਧਾਇਕ ਸ. ਸੇਖੋਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਰਾਸ਼ਨ ਅਤੇ ਹਰੇ ਚਾਰੇ ਨੂੰ ਕੀਤਾ ਰਵਾਨਾ

### ਹੋਰ ਵੀ ਅੱਗੇ ਸੁੱਕੇ ਰਾਸ਼ਨ ਅਤੇ ਪਸ਼ੂਆਂ ਲਈ ਚਾਰਾ ਜਾਵੇਗਾ ਭੇਜਿਆ : ਸੇਖੋਂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 1 ਸਤੰਬਰ: ਵਿਧਾਇਕ ਫਰੀਦਕੋਟ ਗੁਰਦਿੱਤ ਸਿੰਘ ਸੇਖੋਂ ਵੱਲੋਂ ਅੱਜ ਫਿਰੋਜ਼ਪੁਰ ਦੇ ਪਿੰਡਾਂ ਵਿੱਚ ਆਏ ਹੜ੍ਹ ਕਾਰਨ ਲੋਕਾਂ ਦੀ ਮਦਦ ਲਈ ਰਾਸ਼ਨ ਅਤੇ ਪਸ਼ੂਆਂ ਲਈ ਹਰੇ ਚਾਰੇ ਦੀਆਂ ਹੋਰ ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਕਿਹਾ ਕਿ ਪੰਜਾਬ ਵਿੱਚ ਭਾਰੀ ਮੀਂਹ ਅਤੇ ਹਿਮਾਚਲ ਵਿੱਚ ਬੱਦਲਾਂ ਦੇ ਫੱਟਣ ਕਾਰਨ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਜਿਆਦਾ ਵਧਣ ਕਾਰਨ ਫਿਰੋਜ਼ਪੁਰ ਦੇ ਸਤਲੁਜ ਲਾਗਲੇ ਪਿੰਡਾਂ ਵਿੱਚ ਆਏ ਹੜ੍ਹਾਂ ਕਾਰਨ ਅੱਜ ਸੁੱਕੇ ਰਾਸ਼ਨ ਅਤੇ ਪਸ਼ੂਆਂ ਲਈ ਹਰੇ ਚਾਰੇ ਦੀ ਮਦਦ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮੁਸ਼ਕਿਲ ਸਮੇਂ ਵਿੱਚ ਸਾਨੂੰ ਸਭ ਨੂੰ ਇੱਕ ਦੂਜੇ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਸ਼ੂਆਂ ਲਈ ਹਰੇ ਚਾਰੇ ਦੀ ਬਹੁਤ ਲੋੜ ਹੈ। ਸ. ਸੇਖੋਂ ਨੇ ਜਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਸ਼ਕਿਲ ਦੀ ਘੜੀ ਵਿੱਚ ਆਪਸੀ ਭਾਈਚਾਰਾ ਦਿਖਾਉਂਦੇ ਹੋਏ ਵੱਧ ਤੋਂ ਵੱਧ ਮਦਦ ਕਰਨ। ਉਨ੍ਹਾਂ ਕਿਹਾ ਕਿ ਸਮੇਂ ਸਮੇਂ ਤੇ ਲੋਕਾਂ ਨੂੰ ਰਾਸ਼ਨ ਭੇਜਿਆ ਜਾ ਰਿਹਾ ਹੈ, ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਅੱਗੇ ਹੋ ਕੇ ਮਦਦ ਕਰਨਾ ਚਾਹੁੰਦਾ ਹੈ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਗੇ ਵੀ ਹੋਰ ਜ਼ਰੂਰੀ ਵਸਤਾਂ ਜਿਵੇਂ ਕਿ ਸੁੱਕਾ ਰਾਸ਼ਨ, ਪਸ਼ੂਆ ਲਈ ਹੋਰ ਚਾਰੇ ਆਦਿ ਦੀਆਂ ਗੱਡੀਆਂ ਭੇਜਣ ਦਾ ਸਿਲਸਿਲਾ ਜਾਰੀ ਰਹੇਗਾ। ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ. ਗੁਰਤੇਜ ਸਿੰਘ ਖੋਸਾ, ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਸ.ਅਮਨਦੀਪ ਸਿੰਘ ਬਾਬਾ, ਸ. ਅਮਰਜੀਤ ਸਿੰਘ ਪਰਮਾਰ ਤੋਂ ਇਲਾਵਾ ਹੋਰ ਹਾਜ਼ਰ ਸਨ।

## ਫਰੀਦਕੋਟ ਸਿਹਤ ਵਿਭਾਗ ਵਿੱਚ 83 ਸਟਾਫ ਮੈਂਬਰ ਹੋਏ ਸ਼ਾਮਿਲ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਕੋਟਕਪੂਰਾ, 1 ਸਤੰਬਰ : ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਵੱਲੋਂ ਆਪਣੇ ਦਫਤਰ ਵਿਖੇ 2022 ਤੋਂ ਬਾਅਦ ਸਿਹਤ ਵਿਭਾਗ ਅਧੀਨ ਵੱਖ-ਵੱਖ ਸਿਹਤ ਸੰਸਥਾਵਾਂ ਵਿੱਚ ਭਰਤੀ ਹੋਏ ਮੈਡੀਕਲ ਅਫਸਰ, ਸਟਾਫ ਨਰਸ, ਲੈਬਾਰਟਰੀ ਟੈਕਨੀਸ਼ੀਅਨ, ਅਪ੍ਰੇਸ਼ਨ ਥੀਏਟਰ ਸਹਾਇਕ, ਏ.ਐਨ.ਐਮ., ਅਪਥਾਲਮਿਕ ਅਫਸਰ, ਕਲਰਕ ਅਤੇ ਦਰਜਾ ਚਾਰ ਦੇ 83 ਸਟਾਫ ਮੈਂਬਰਾਂ ਨੂੰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਜਾਰੀ ਕੀਤੇ ਵਿਸ਼ੇਸ਼ ਪੱਤਰ ਤਕਸੀਮ ਕੀਤੇ ਗਏ। ਇਸ ਮੌਕੇ ਡਾ. ਚੰਦਰ ਸ਼ੇਖਰ ਨੇ ਇਕੱਤਰ ਹੋਏ ਸਿਹਤ ਸਟਾਫ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅਪੀਲ ਕੀਤੀ ਕਿ ਸਿਹਤ ਵਿਭਾਗ ਅਧੀਨ ਮੁਹੱਈਆ ਸਿਹਤ ਸੇਵਾਵਾਂ ਸਹੂਲਤਾਂ ਅਤੇ ਭਲਾਈ ਸਕੀਮਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇ। ਸਿਹਤ ਵਿਭਾਗ ਵਿੱਚ ਇਹ ਸਿਰਫ ਨੌਕਰੀ ਹੀ ਨਹੀਂ ਨੌਕਰੀ ਦੇ ਨਾਲ-ਨਾਲ ਸਮਾਜ ਭਲਾਈ ਕਾਰਜਾਂ ਲਈ ਮਿਲਿਆ ਇੱਕ ਹੋਰ ਵੱਡਾ ਮੌਕਾ ਹੈ। ਉਨ੍ਹਾਂ ਮਨੁੱਖਤਾ ਦੀ ਸੇਵਾ ਲਈ ਸਾਰੇ ਸਿਹਤ ਸਟਾਫ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਸਿਹਤ ਸਟਾਫ ਮੈਂਬਰ ਨੂੰ ਕਿਸੇ ਵੀ ਕਿਸਮ ਦੀ ਨੌਕਰੀ ਦੌਰਾਨ ਸਮੱਸਿਆ ਜਾਂ ਪ੍ਰੇਸ਼ਾਨੀ ਸਾਹਮਣੇ ਆਉਂਦੀ ਹੈ ਤਾਂ ਉਹ ਬੇਝਿਜਕ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਵਿਵੇਕ ਰਾਜੌਰਾ, ਸੁਪਰਡੈਂਟ ਪੁਰਸ਼ੋਤਮ ਦਾਸ, ਸੀਨੀਅਰ ਫਾਰਮੇਸੀ ਅਫਸਰ ਸੁਨੀਲ ਸਿੰਗਲਾ ਅਤੇ ਹੋਰ ਅਧਿਕਾਰੀ ਕਰਮਚਾਰੀ ਹਾਜਰ ਸਨ।

## ਕਵੀ ਮੰਚ ਮੁਹਾਲੀ ਦੀ ਮਾਸਿਕ ਇਕੱਤਰਤਾ ਖੂਬ ਰਹੀ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ




ਮੋਹਾਲੀ, 1 ਸਤੰਬਰ, : ਕਵੀ ਮੰਚ (ਰਜਿ:) ਮੋਹਾਲੀ ਵੱਲੋਂ ਇੱਥੋਂ ਦੇ ਫੇਜ਼-6 (ਸੈਕਟਰ-56) ਦੇ ਆਰੀਆ ਸਮਾਜ ਮੰਦਿਰ ਵਿੱਚ ਮਾਸਿਕ ਸਾਹਿਤਕ ਇਕੱਤਰਤਾ ਕੀਤੀ ਗਈ ਜਿਸ ਦੀ ਪ੍ਰਧਾਨਗੀ ਭਗਤ ਰਾਮ ਰੰਗਾੜਾ, ਪ੍ਰਧਾਨ ਮੰਚ ਨੇ ਕੀਤੀ ਜਦੋਂ ਕਿ ਰਣਜੋਧ ਸਿੰਘ ਰਾਣਾ ਅਤੇ ਵਿਮਲਾ ਗੁਗਲਾਨੀ ਐਵਾਰਡੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਸ਼ੁਰੂ ਵਿੱਚ ਉਸਤਾਦ ਗ਼ਜ਼ਲਗੋ ਸਿਰੀ ਰਾਮ ਅਰਸ਼, ਕਲਾਕਾਰ ਜਸਵਿੰਦਰ ਭੱਲਾ, ਉੱਘੇ ਕਵੀ ਮਲਕੀਤ ਨਾਗਰਾ ਦੀ ਮਾਤਾ ਪਾਲ ਕੌਰ ਨਾਗਰਾ ਅਤੇ ਪੰਜਾਬ ਤੇ ਇਸਦੇ ਨਾਲ ਦੇ ਸੂਬਿਆਂ ਵਿੱਚ ਆਏ ਹੜ੍ਹ ਕਾਰਨ ਹੋਈਆਂ ਮੌਤਾਂ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ ਅਤੇ 2 ਮਿੰਟ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਗੀਤਕਾਰ ਧਿਆਨ ਸਿੰਘ ਕਾਹਲੋਂ ਨੇ ਅਰਸ਼ ਜੀ ਦੀ ਯਾਦ ਵਿੱਚ ਗੀਤ ਸੁਣਾ ਕੇ ਉਨ੍ਹਾਂ ਨੂੰ ਯਾਦ ਕੀਤਾ। ਬਹਾਦਰ ਸਿੰਘ ਗੋਸਲ ਨੇ ਸ਼ਹੀਦ ਊਧਮ ਸਿੰਘ ਤੇ ਕਵਿਤਾ ਪੇਸ਼ ਕੀਤੀ ਜਦ ਕਿ ਮੰਗਲ ਗਿੱਲ ਸਾਹਿਬਚੰਦੀਆ ਨੇ ਗੀਤ ਪੇਸ਼ ਕੀਤਾ ਜਿਸ ਦੇ ਬੋਲ ਸਨ 'ਜਿੰਦੇ ਸੋਹਣੀਏ ਸੁਨੱਖੀਏ'। ਦਲਬੀਰ ਸਿੰਘ ਸਰੋਆ ਨੇ ਗ਼ਜ਼ਲ ਪੇਸ਼ ਕੀਤੀ, ਜਦ ਕਿ ਅੰਸ਼ੂਕਰ ਮਹੇਸ਼ ਨੇ 'ਮਾਂ ਦੇ ਦਾਜ ਇੱਕੋ ਇੱਕ ਨਿਸ਼ਾਨੀ ਜਿੰਦਾਬਾਦ ਹੈ' ਪੇਸ਼ ਕੀਤੀ। ਪ੍ਰੋ. ਅਮਰਜੀਤ ਅਰਪਣ ਨੇ ਸਾਹਿਤ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਖੂਬਸੂਰਤ ਕਵਿਤਾ 'ਹਯਾਤੀ ਦੇ ਪੈਂਡੇ ਚੱਲਦਿਆਂ ਮੁੜ-ਮੁੜ ਤੱਕੀਦਾ' ਪੇਸ਼ ਕੀਤੀ ਜਦੋਂ ਕਿ ਪਰਤਾਪ ਪਾਰਸ ਨੇ 'ਵਾਅਦੇ ਕਿਹੜੇ ਕੰਮ ਦੇ ਤੇ ਲਾਰੇ ਕਿਹੜੇ ਕੰਮ ਦੇ' ਗੀਤ ਪੇਸ਼ ਕੀਤਾ। ਵਿਮਲਾ ਗੁਗਲਾਨੀ ਨੇ ਦੇਸ਼ ਦੀ ਮਹਿਮਾ ਤੇ ਅਤੇ ਰਣਜੋਧ ਰਾਣਾ ਨੇ ਆਪਣੀ ਰਚਨਾ 'ਮੈਂ ਚੁੱਪ ਰਹਾਂ ਤਾਂਹੀ ਠੀਕ ਹੈ' ਪੇਸ਼ ਕੀਤੀ। ਖੁਸ਼ੀ ਰਾਮ ਨਿਮਾਣਾ, ਜਗਤਾਰ ਸਿੰਘ ਜੋਗ ਨੇ ਸੁਰੀਲੀ ਆਵਾਜ਼ ਵਿੱਚ ਆਪਣੇ ਗੀਤ ਗਾ ਕੇ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ। ਐਸ.ਕੇ. ਅਰੋੜਾ, ਦਰਸ਼ਨ ਸਿੰਘ ਕਾਕਾ, ਬਲਵਿੰਦਰ ਸਿੰਘ ਢਿੱਲੋਂ, ਚਰਨਜੀਤ ਸਿੰਘ ਕਲੇਰ, ਪਾਲ ਅਜਨਬੀ ਹੁਰਾਂ ਨੇ ਆਪਣੀਆ-ਆਪਣੀਆਂ ਰਚਨਾਵਾਂ ਸੁਣਾ ਕੇ ਤਾੜੀਆਂ ਬਟੋਰੀਆਂ। ਭਗਤ ਰਾਮ ਰੰਗਾੜਾ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਆਪਣੀ ਕਵਿਤਾ ਸੁਣਾਈ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਜਗਪਾਲ ਸਿੰਘ ਆਈ.ਏ.ਐਫ. (ਰਿਟਾ.) ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸਟੇਜ਼ ਦਾ ਸੰਚਾਲਨ ਧਿਆਨ ਸਿੰਘ ਕਾਹਲੋਂ ਵੱਲੋਂ ਬਾਖੂਬੀ ਨਿਭਾਇਆ ਗਿਆ।

## ਪਾਕਿਸਤਾਨੀ ਪੰਜਾਬ ਦੀ ਮੁੱਖ ਮੰਤਰੀ ਦੇ ਯਤਨਾਂ ਸਦਕਾ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਹੋਈ ਸਾਫ਼ ਸਫ਼ਾਈ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ



ਗੁਰਦਾਸਪੁਰ 1 ਸਤੰਬਰ : ਇਸ ਵੇਲੇ ਸਾਡੇ ਪੰਜਾਬ ਦੇ ਵਿੱਚ ਪਿਛਲੇ ਪੰਜ ਛੇ ਦਿਨ ਤੋਂ ਭਾਰੀ ਮੀਂਹ ਤੇ ਹਿਮਾਚਲ ਤੋਂ ਆਏ ਮੀਂਹ ਦੇ ਪਾਣੀ ਕਾਰਨ ਹੜ੍ਹ ਆਏ ਹੋਏ ਹਨ ਸਾਡੇ ਪੰਜਾਬ ਦੇ ਸਰਹੱਦੀ ਇਲਾਕੇ ਗੁਰਦਾਸਪੁਰ ਡੇਰਾ ਬਾਬਾ ਨਾਨਕ ਤੇ ਹੋਰ ਇਲਾਕਿਆਂ ਦੇ ਵਿੱਚ ਹੜ੍ਹਾਂ ਨੇ ਜਨ ਜੀਵਨ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋ ਗਿਆ ਤੇ ਲੋਕ ਆਪਣਿਆਂ ਦੇ ਬਚਾਅ ਲਈ ਦਿਨ ਰਾਤ ਇੱਕ ਕਰ ਰਹੇ ਹਨ।

ਇਸੇ ਤਰ੍ਹਾਂ ਹੀ ਹੜਾਂ ਵਾਲਾ ਮਾਹੌਲ ਸਾਡੇ ਗਵਾਂਢੀ ਦੇਸ਼ ਪਾਕਿਸਤਾਨ ਵਿਚਲੇ ਪੰਜਾਬ ਵਿੱਚ ਵੀ ਹੈ ਸਾਡੇ ਡੇਰਾ ਬਾਬਾ ਨਾਨਕ ਬਾਰਡਰ ਤੋਂ ਕੁਝ ਦੂਰੀ ਉੱਤੇ ਸਥਿਤ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਵਿੱਚ ਬਹੁਤ ਜਿਆਦਾ ਪਾਣੀ ਭਰ ਗਿਆ ਸੀ ਤੇ ਸਮੁੱਚਾ ਗੁਰੂ ਘਰ ਪਾਣੀ ਵਿੱਚ ਡੁੱਬ ਚੁੱਕਾ ਸੀ ਇਸ ਦੀਆਂ ਤਸਵੀਰਾਂ ਵਾਇਰਲ ਹੋਈਆਂ ਤਾਂ ਪਾਕਿਸਤਾਨੀ ਪੰਜਾਬ ਦੀ ਮੁੱਖ ਮੰਤਰੀ ਨਵਾਜ਼ ਮਰੀਅਮ ਨੇ ਆਪਣੇ ਮੰਤਰੀ ਮੰਡਲ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਉਨਾਂ ਨੇ ਸਖਤ ਹਦਾਇਤਾਂ ਦਿੱਤੀਆਂ ਕਿ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਵਿੱਚੋਂ ਪਾਣੀ ਬਾਹਰ ਕੱਢਿਆ ਜਾਵੇ ਉਸ ਦੀ ਸਾਫ਼ ਸਫਾਈ ਕੀਤੀ ਜਾਵੇ ਮੁੱਖ ਮੰਤਰੀ ਦੇ ਯਤਨਾ ਸਦਕਾ ਉਧਰਲੇ ਪੰਜਾਬ ਦੇ ਮੰਤਰੀ ਮੰਡਲ ਨੇ ਅੱਗੇ ਹੋ ਕੇ ਯਤਨ ਕੀਤਾ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਵਿੱਚੋਂ ਜਿੱਥੇ ਪਾਣੀ ਬਾਹਰ ਕੱਢਿਆ ਉੱਥੇ ਹੀ ਜੰਮੀ ਹੋਈ ਮਿੱਟੀ ਆਦਿ ਦੀ ਸਫ਼ਾਈ ਵੱਡੇ ਪੱਧਰ ਉੱਪਰ ਸਰਕਾਰੀ ਕਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਹੈ। ਸਾਫ਼ ਸਫ਼ਾਈ ਤੋਂ ਬਾਅਦ ਜਲਦੀ ਹੀ ਸੰਗਤ ਲਈ ਗੁਰਦੁਆਰਾ ਸਾਹਿਬ ਖੋਲ ਦਿੱਤਾ ਜਾਵੇਗਾ।

## ਬੀਐਸਐਨਐਲ ਪੈਨਸ਼ਨਰਜ਼ ਵੱਲੋਂ ਆਜ਼ਾਦੀ ਦੀ 78ਵੀਂ ਵਰ੍ਹੇ ਗੰਢ ਨੂੰ ਸਮਰਪਿਤ ਵਿਚਾਰ ਗੋਸ਼ਟੀ

### ਸੁਰਿੰਦਰ ਪਾਲ ਨੇ ਤਰਕਸ਼ੀਲ ਸੋਚ ਅਪਨਾਉਣ ਦਾ ਸੁਨੇਹਾ ਦਿੱਤਾ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਸੰਗਰੂਰ 1 ਸਤੰਬਰ : ਬੀਐਸਐਨਐਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਵੱਲੋਂ ਅੱਜ ਆਜ਼ਾਦੀ ਦੀ 78ਵੀਂ ਵਰ੍ਹੇ ਗੰਢ ਨੂੰ ਸਮਰਪਿਤ ਵਿਚਾਰ ਗੋਸ਼ਟੀ ਦਾ ਆਯੋਜਨ ਸਥਾਨਕ ਸ਼੍ਰੀ ਨੈਣਾਂ ਦੇਵੀ ਮੰਦਿਰ ਧਰਮ ਸ਼ਾਲਾ ਵਿਖੇ ਕੀਤਾ ਗਿਆ। ਸ਼ੁਰੂਆਤ ਅਗਸਤ 1947 ਵਿੱਚ ਦੇਸ਼ ਦੀ ਵੰਡ ਵੇਲੇ ਮਾਰੇ ਗਏ ਬੇਦੋਸ਼ੇ ਲੋਕਾਂ ਅਤੇ ਉੱਘੇ ਕਮੇਡੀ ਕਲਾਕਾਰ ਸ਼੍ਰੀ ਜਸਵਿੰਦਰ ਭੱਲਾ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ।ਸ਼੍ਰੀ ਮੁੱਖਤਿਆਰ ਸਿੰਘ ਰਾਓ ਨੇ ਆਪਣੇ ਭਾਸ਼ਣ ਵਿੱਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਸਕਾਰਾਤਮਕ ਸੋਚ ਦੀ ਮਹਤੱਤਾ ਬਾਰੇ ਬਹੁਤ ਹੀ ਸੁੰਦਰ ਸ਼ਬਦਾਂ ਵਿੱਚ ਵਿਆਖਿਆ ਕੀਤੀ।ਸ਼੍ਰੀ ਹਰਬੰਸ ਸਿੰਘ ਸ਼ੇਰਪੁਰ ਨੇ ਰਾਜਨੀਤਕ ਅਤੇ ਸਮਾਜਕ ਨਿਘਾਰ ਲਈ ਸੋਸ਼ਲ ਮੀਡੀਆ ਦੀ ਭੂਮਿਕਾ ਦਾ ਜਿਕਰ ਕੀਤਾ ਅਤੇ ਪੈਨਸ਼ਨਰਾਂ ਨੂੰ ਬੀਐਸਐਨਐਲ ਵੱਲੋਂ ਦਿੱਤੀ ਜਾਂਦੀ ਸਿਹਤ ਸਹੂਲਤ ਵਿਚਲੀਆਂ ਖਾਮੀਆਂ ਦਾ ਜਿਕਰ ਕੀਤਾ।



ਸ਼੍ਰੀ ਸਾਧਾ ਸਿੰਘ ਵਿਰਕ ਵੱਲੋਂ 15 ਅਗਸਤ 1947 ਨੂੰ ਮਿਲੀ ਆਜ਼ਾਦੀ ਨੂੰ "ਸੱਤਾ- ਪਰਿਵਰਤਨ" ਅਤੇ "ਉਜਾੜੇ" ਦਾ ਨਾਮ ਦਿੱਤਾ ਅਤੇ ਉਸ ਸਮੇਂ ਦੀ ਲੀਡਰਸ਼ਿਪ ਦੀ ਸਖ਼ਤ ਸ਼ਬਦਾਂ ਨਾਲ ਨਿਖੇਧੀ ਕੀਤੀ ਜਿਸਨੇ ਕੁਰਸੀ ਦੀ ਜ਼ਲਦਬਾਜ਼ੀ ਵਿੱਚ ਬੇਵੱਸ ਜਨਤਾ ਨੂੰ ਆਪਣੇ ਰਹਿਮੋ ਕਰਮ ਤੇ ਛੱਡ ਦਿੱਤਾ ਜਿਸਦੇ ਨਤੀਜੇ ਵਜੋਂ ਲੱਖਾਂ ਬੇਦੋਸ਼ੇ ਪਰਿਵਾਰਾਂ ਨੂੰ ਜਾਨ ਅਤੇ ਮਾਲ ਤੋਂ ਹੱਥ ਧੋਣੇ ਪਏ।ਉਨ੍ਹਾਂ ਨੇ ਸੀ ਜੀ ਐਚ ਐਸ ਰਾਹੀਂ ਪੈਨਸ਼ਨਰਜ ਨੂੰ ਕੈਸ਼ ਲੈਸ ਇਲਾਜ ਲੈਣ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਵੱਧ ਤੋਂ ਵੱਧ ਸਾਥੀਆਂ ਨੂੰ ਇਸਦੇ ਕਾਰਡ ਬਣਵਾਉਣ ਲਈ ਪ੍ਰੇਰਿਤ ਕੀਤਾ। ਸੰਗਰੂਰ ਟੀਮ ਵੱਲੋਂ ਪੈਨਸ਼ਨਰਾਂ ਲਈ ਬਣਾਏ ਗਏ ਵਟਸਐੱਪ ਗਰੁੱਪ ਵਿੱਚ ਬੇਲੋੜੀਆਂ ਪੋਸਟਾਂ ਪਾਉਣ ਤੋਂ ਗ਼ੁਰੇਜ਼ ਕਰਨ ਲਈ ਬੇਨਤੀ ਕੀਤੀ ਗਈ ।ਉਨ੍ਹਾਂ ਵਲੋਂ ਸ਼੍ਰੀ ਗੁਰਦਿਆਲ ਸਿੰਘ ਸੈਨੀ ਦਾ ਬਿਮਾਰੀ ਦੌਰਾਨ ਵੀ ਯੂਨੀਅਨ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਕਰਕੇ, ਸ਼੍ਰੀ ਨਵਨੀਤ ਕੁਮਾਰ ਬਰਨਾਲ਼ਾ ਦਾ ਪੈਨਸ਼ਨਰਾਂ ਲਈ ਵੱਖ ਵੱਖ ਸੇਵਾਵਾਂ ਕਰਕੇ , ਸ਼੍ਰੀ ਸੁਖਦੇਵ ਸਿੰਘ , ਸ਼੍ਰੀ ਬਲਦੇਵ ਸਿੰਘ ਸੰਗਰੂਰ ਅਤੇ ਸ਼੍ਰੀ ਪ੍ਰੇਮ ਕੁਮਾਰ ਅਹਿਮਦਗੜ ਦਾ ਪ੍ਰਬੰਧਾਂ ਵਿੱਚ ਵਿਸ਼ੇਸ਼ ਸੇਵਾਵਾਂ ਦੇਣ ਕਰਕੇ ਉਚੇਚੇ ਤੌਰ ਤੇ ਤਰੀਫ਼ ਕੀਤੀ। ਸ਼੍ਰੀ ਅਸ਼ਵਨੀ ਕੁਮਾਰ ਵਲੋਂ ਇਸ ਮਹੀਨੇ ਪੈਨਸ਼ਨਰਾਂ ਦੇ ਕਲਿਆਣ ਲਈ ਕੀਤੇ ਗਏ ਕਾਰਜਾਂ ਦੇ ਵੇਰਵੇ ਸਾਂਝੇ ਕੀਤੇ। ਉਨ੍ਹਾਂ ਵੱਲੋਂ ਚੰਡੀਗੜ ਵਿਖੇ ਸੀਨੀਅਰ ਸਿਟੀਜਨ ਸਮਾਗ਼ਮ ਬਾਰੇ ਜਾਣਕਾਰੀ ਸਾਂਝੀ ਕੀਤੀ ।ਸ਼੍ਰੀ ਸੁਰਿੰਦਰ ਪਾਲ ਨੇ ਨਿੱਗਰ ਸਮਾਜ ਦੀ ਉਸਾਰੀ ਵਾਸਤੇ ਵਿਅਕਤੀਗਤ ਜੀਵਨ ਵਿੱਚ ਵਿਗਿਆਨਕ ਅਤੇ ਤਰਕਸ਼ੀਲ ਨਜਰੀਆ ਅਪਣਾਉਣ ਦਾ ਸੱਦਾ ਦਿੱਤਾ।ਸ਼੍ਰੀ ਰਘਬੀਰ ਸਿੰਘ ਛਾਜਲੀ ਨੇ ਹੱਕਾਂ ਦੀ ਪੂਰਤੀ ਲਈ ਆਪਸੀ ਏਕੇ ਦੀ ਮਹੱਤਤਾ ਬਾਰੇ ਜ਼ੋਰ ਦਿੱਤਾ ਅਤੇ ਸੰਗਰੂਰ ਟੀਮ ਵੱਲੋਂ ਪੈਨਸ਼ਨਰਾਂ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਣਾ ਕੀਤੀ।ਮੰਚ ਸੰਚਾਲਕ ਸ਼ਿਵ ਨਰਾਇਣ ਨੇ ਅਵਾਰਾ ਪਸ਼ੂਆਂ ਅਤੇ ਕੁੱਤਿਆਂ ਵੱਲੋਂ ਰੋਜ਼ਾਨਾ ਕੀਤੇ ਜਾ ਰਹੇ ਨੁਕਸਾਨ ਲਈ ਸਰਕਾਰਾਂ ਦੀ ਨਾਕਾਮੀ ਲਈ ਆਲੋਚਨਾ ਕੀਤੀ। ਉੱਤਰੀ ਭਾਰਤ ਵਿੱਚ ਭ੍ਰਿਸ਼ਟ ਨਿਜ਼ਾਮ ਬਦੌਲਤ ਹੜ੍ਹਾਂ ਦੇ ਕਹਿਰ ਕਾਰਨ ਹੋਏ ਜਾਨੀ ਅਤੇ ਮਾਲੀ ਨੁਕਸਾਨ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਦਲਬੀਰ ਸਿੰਘ ਖਾਲਸਾ ਨੇ ਸੰਗਰੂਰ ਟੀਮ ਵੱਲੋਂ ਕੀਤੇ ਜਾ ਰਹੇ ਅਣਥੱਕ ਕਾਰਜਾਂ ਦੀ ਸ਼ਲਾਘਾ ਕੀਤੀ ।ਸ਼ਾਮ ਸੁੰਦਰ ਕਕੜ ਨੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਵਿੱਚ ਲੱਗੇ ਬਲੱਡ ਡੋਨੇਸ਼ਨ ਕੈਂਪ ਵਿੱਚ ਅਸ਼ਵਨੀ ਕੁਮਾਰ ਅਤੇ ਸੁਰਿੰਦਰ ਪਾਲ ਵਲੋਂ ਦਿੱਤੇ ਗਏ ਖ਼ੂਨਦਾਨ ਲਈ ਉਨ੍ਹਾਂ ਦੀ ਸਰਾਹਨਾ ਕੀਤੀ।ਵੀ ਕੇ ਮਿੱਤਲ ਵੱਲੋਂ ਆਪਣੇ ਦਿਲਕਸ਼ ਅੰਦਾਜ਼ ਵਿੱਚ "ਇੱਕ ਪਹੇਲੀ" ਮੁਕਾਬਲਾ ਕਰਵਾਇਆ ਗਿਆ।ਕੇਵਲ ਸਿੰਘ ਮਲੇਰਕੋਟਲਾ ਨੇ ਆਪਣੀ ਬੁਲੰਦ ਅਵਾਜ ਵਿੱਚ ਇੱਕ ਗੀਤ ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।ਇਸ ਮਹੀਨੇ ਜਨਮ ਦਿਨ ਅਤੇ ਹੋਰ ਪ੍ਰੀਵਾਰਿਕ ਖੁਸ਼ੀਆਂ ਵਾਲੇ ਸਾਥੀਆਂ ਨੂੰ ਹਾਰ ਪਹਿਨਾ ਕੇ ਤੇ ਰਿਫਰੈਸ਼ਮੈਂਟ ਦੇ ਕੇ ਸਨਮਾਨਿਤ ਕੀਤਾ ਗਿਆ ।ਅੰਤ ਵਿੱਚ ਸ਼੍ਰੀ ਗੁਰਮੇਲ ਸਿੰਘ ਭੱਟੀ ਵੱਲੋਂ ਦੂਰ ਦੁਰਾਡੇ ਤੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ।

## ਆਹਲੂਵਾਲੀਆ ਅਸੋਸੀਏਸ਼ਨ ਆਫ਼ ਨਾਰਥ ਅਮੇਰਿਕਾ ਦੀ ਪਿਕਨਿਕ ਬਹੁਤ ਸ਼ਾਨੋ – ਸ਼ੌਕਤ ਨਾਲ ਸਮਾਪਤ ਹੋਈ )

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ




ਬਰੈਂਪਟਨ , 1 ਸਤੰਬਰ : ਬਰੈਂਪਟਨ ਦੇ ਐਲਡਰਾਡੋ ਪਾਰਕ ਵਿੱਚ ਆਹਲੂਵਾਲੀਆ ਸਭਾ ਵੱਲੋਂ ਬਹੁਤ ਸ਼ਾਨੋ -ਸ਼ੌਕਤ ਨਾਲ ਪਿਕਨਿਕ ਮਨਾਈ ਗਈ । ਬੜੇ ਜੋਸ਼ੋ -ਖਰੌਸ਼ ਨਾਲ ਇਸ ਦੀਆਂ ਤਿਆਰੀਆਂ ਬਹੁਤ ਦਿਨਾਂ ਤੋਂ ਚੱਲ ਰਹੀਆਂ ਸਨ । ਮੈਂਬਰਜ਼ ਵਿਚ ਇਸ ਪਿਕਨਿਕ ਨੂੰ ਲੈ ਕੇ ਬਹੁਤ ਉਤਸ਼ਾਹ ਸੀ । ਇਸ ਬਰਾਦਰੀ ਦਾ ਪ੍ਰਧਾਨ ਬਹੁਤ ਮਾਣ ਮੱਤੀ ਸ਼ਖ਼ਸੀਅਤ ਟੋਮੀ ਵਾਲੀਆ ਜੀ ਹਨ । ਜਿਹੜੇ ਕਿ ਤੰਦੂਰੀ ਨਾਈਟਸ ਰੇਸਤਰਾਂ ਦੇ ਮਾਲਕ ਹਨ । ਪਿਕਨਿਕ ਦੀਆਂ ਸਾਰੀਆਂ ਤਿਆਰੀਆਂ ਟੋਮੀ ਵਾਲੀਆ ਜੀ ਦੀ ਦੇਖ – ਰੇਖ ਹੇਠ ਹੋਈਆਂ । ਟੀਮ ਮੈਂਬਰਜ਼ ਵਿਚ ਮਨਮੋਹਨ ਸਿੰਘ ਵਾਲੀਆ , ਦਵਿੰਦਰ ਵਾਲੀਆ , ਵਿਸ਼ ਵਾਲੀਆ , ਰਣਧੀਰ ਸਿੰਘ ਵਾਲੀਆ ਕਿੰਗ , ਅਵਤਾਰ ਆਹਲੂਵਾਲੀਆ ਦੇ ਨਾਮ ਜ਼ਿਕਰਯੋਗ ਹਨ । ਪਿਕਨਿਕ ਵਿਚ ਹਾਜ਼ਰੀਨ ਮੈਂਬਰਜ਼ ਨੂੰ ਪ੍ਰਧਾਨ ਟੋਮੀ ਵਾਲੀਆ ਜੀ ਅਤੇ ਅਵਤਾਰ ਜੀ ਵੱਲੋਂ ਨਿੱਘਾ ਜੀ ਆਇਆਂ ਕਿਹਾ ਗਿਆ । ਮਨਮੋਹਨ ਜੀ ਤੇ ਦਵਿੰਦਰ ਜੀ ਨੇ ਬਹੁਤ ਵਧੀਆ ਤਰੀਕੇ ਨਾਲ ਪਿਕਨਿਕ ਨੂੰ ਔਰਗਨਾਈਜ਼ ਕੀਤਾ ਹੋਇਆ ਸੀ ਤੇ ਵੈਲ ਪਲਾਨਡ ਪ੍ਰੋਗਰਾਮ ਸੀ । ਕਈ ਤਰਾਂ ਦੀਆਂ ਗੇਮਜ਼ ਹੋਈਆਂ ਜਿਹਨਾਂ ਵਿਚ ਬੱਚਿਆਂ ਦੀਆਂ ਅਤੇ ਵੱਡਿਆਂ ਦੀਆਂ ਫ਼ਨ ਗੇਮਜ਼ ਸਨ । ਜਿੱਤਣ ਵਾਲੇ ਨੂੰ ਇਨਾਮ ਵੀ ਦਿੱਤੇ ਗਏ ।

ਭਾਰਤ ਤੋਂ ਵਿਸ਼ੇਸ਼ ਤੌਰ ਤੇ ਪੰਜਾਬੀ ਜਾਗਰਣ ਦੇ ਚੀਫ਼ ਐਡੀਟਰ ਵਰਿੰਦਰ ਵਾਲੀਆ ਜੀ ਸਪਰਿਵਾਰ ਇਸ ਪਿਕਨਿਕ ਵਿੱਚ ਪਹੁੰਚੇ ਤੇ ਪਰਵਾਸੀ ਮੀਡੀਆ ਤੋਂ ਰਜਿੰਦਰ ਸੈਣੀ ਜੀ ਵੀ ਆਪਣੇ ਪਰਿਵਾਰ ਨਾਲ ਆਏ । ਸਭਾ ਵੱਲੋਂ ਵਰਿੰਦਰ ਵਾਲੀਆ ਜੀ ਨੂੰ ਸਨਮਾਨਿਤ ਵੀ ਕੀਤਾ ਗਿਆ , ਉਹ ਆਪਣੇ ਕੀਮਤੀ ਸਮੇਂ ਤੇ ਰੁਝੇਵਿਆਂ 'ਚੋਂ ਸਮਾਂ ਨਿਕਾਲ ਕੇ ਪਿਕਨਿਕ ਵਿਚ ਪਹੁੰਚੇ ਸੀ । ਦੀਪਕ ਅਨੰਦ ਐਮ ਪੀ ਪੀ ਅਤੇ ਅਮਰਜੋਤ ਸਿੰਘ ਸੰਧੂ ਐਮ ਪੀ ਪੀ ਨੇ ਵੀ ਇਸ ਪਿਕਨਿਕ ਵਿੱਚ ਸ਼ਿਰਕਤ ਕੀਤੀ । ਰੈਪਟਰਜ਼ ਦੇ ਸੁਪਰਫੈਨ ਅਤੇ ਪ੍ਰਸਿੱਧ ਬਿਜ਼ਨਸਮੈਨ ਨਵ ਭਾਟੀਆ ਜੀ ਵੀ ਵਿਸ਼ੇਸ਼ ਤੌਰ ਤੇ ਪਹੁੰਚੇ । ਵਿਸ਼ੇਸ਼ ਮਹਿਮਾਨਾਂ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ ।

ਚਾਹ , ਪਾਣੀ , ਸਨੈਕਸ ਅਤੇ ਖਾਣੇ ਦਾ ਬਹੁਤ ਉਮਦਾ ਪ੍ਰਬੰਧ ਟੋਮੀ ਵਾਲੀਆ ਜੀ ਵੱਲੋਂ ਕੀਤਾ ਗਿਆ ਸੀ । ਸਭਾ ਵੱਲੋਂ ਪਿਕਨਿਕ ਵਿਚ ਕੇਕ ਵੀ ਕੱਟਿਆ ਗਿਆ । ਸੱਭ ਨੇ ਬਹੁਤ ਫ਼ਨ ਕੀਤਾ । ਮਨਮੋਹਨ ਜੀ ਨੇ ਅੰਤ ਵਿਚ ਆਏ ਹੋਏ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ ਤੇ ਨਾ ਚਾਹੁੰਦਿਆਂ ਹੋਇਆਂ ਵੀ ਮੁੜ ਮਿਲਣ ਦਾ ਵਾਦਾ ਕਰ ਸੱਭ ਨੇ ਵਿਦਾ ਲਈ । ਇਸ ਤਰਾਂ ਆਹਲੂਵਾਲੀਆ ਅਸੋਸੀਏਸ਼ਨ ਆਫ਼ ਨਾਰਥ ਅਮੇਰਿਕਾ ਦੀ ਪਿਕਨਿਕ ਬਹੁਤ ਸ਼ਾਨੋ – ਸ਼ੌਕਤ ਨਾਲ ਸਮਾਪਤ ਹੋਈ ।ਪਿਕਨਿਕ ਪਾਰਟੀ ਦੀ ਸਾਰੀ ਕਵਰੇਜ ਮਨਮੋਹਨ ਵਾਲੀਆ ਜੀ ਨੇ ਕੀਤੀ । ਦਿਲੋਂ ਸ਼ੁਕਰਾਨੇ ਸੱਭ ਦੇ , ਸੱਭ ਦੀ ਚੜ੍ਹਦੀਕਲਾ ਲਈ ਦੁਆਵਾਂ ਕਰਦੇ ਹਾਂ ਜੀ , ਇਹ ਪਿਆਰ , ਮੁਹੱਬਤਾਂ ਤੇ ਦੋਸਤੀਆਂ ਬਣੀਆਂ ਰਹਿਣ । ਪਿਕਨਿਕ ਪਾਰਟੀ ਦੀ ਸਾਰੀ ਜਾਣਕਾਰੀ ਤੇ ਪਿਕਚਰਜ਼ ਵੀ ਮੈਨੂੰ ਵੀਰ ਮਨਮੋਹਨ ਵਾਲੀਆ ਜੀ ਨੇ ਸਾਂਝੀਆਂ ਕੀਤੀਆਂ । ਧੰਨਵਾਦ ਸਹਿਤ ।

## ਮੈਡੀਕਲ ਕਾਲਜ ਹਸਪਤਾਲ 'ਚ ਕੈਂਸਰ ਵਿਭਾਗ ਦੇ ਮੁਖੀ ਡਾ. ਪ੍ਰਦੀਪ ਗਰਗ ਨੂੰ ਚੰਗੀਆਂ ਸੇਵਾਵਾਂ ਬਦਲੇ ਮਿਲਿਆ ਮਾਨਤਾ ਪੁਰਸਕਾਰ

### ਮਾਨਤਾ ਪੁਰਸਕਾਰ ਨੇ ਮੇਰੀਆਂ ਜਿੰਮੇਵਾਰੀਆਂ 'ਚ ਹੋਰ ਵਾਧਾ ਕੀਤਾ : ਡਾ. ਪ੍ਰਦੀਪ ਗਰਗ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 1 ਸਤੰਬਰ : ਲੁਧਿਆਣਾ ਵਿਖੇ ਹੋਏ ਟਾਈਮਜ਼ ਹੈਲਥ ਸੇਵੀਅਰਜ਼ ਪ੍ਰੋਗਰਾਮ ਦੌਰਾਨ ਟਾਈਮਜ਼ ਗਰੁੱਪ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਕੈਂਸਰ ਵਿਭਾਗ ਦੇ ਮੁਖੀ ਡਾ. ਪ੍ਰਦੀਪ ਗਰਗ ਨੂੰ ਸੇਵਾਵਾਂ ਨੂੰ ਦੇਖਦਿਆਂ ਮਾਨਤਾ ਪੁਰਸਕਾਰ ਨਾਲ ਨਵਾਜਿਆ ਗਿਆ। ਇਸ ਮੌਕੇ ਕੈਂਸਰ ਵਿਭਾਗ ਦੇ ਮੁਖੀ ਡਾ. ਪ੍ਰਦੀਪ ਗਰਗ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਇਹ ਸਨਮਾਨ ਕੈਂਸਰ ਬਾਰੇ ਜਾਗਰੂਕਤਾ ਪੈਦਾ ਕਰਨ, ਇਲਾਜ ਪ੍ਰਦਾਨ ਕਰਨ ਅਤੇ ਲੋੜਵੰਦਾਂ ਲਈ ਇੱਕ ਇਲਾਜ ਕਰਨ ਵਾਲੇ ਵਜੋਂ ਸੇਵਾ ਕਰਨ ਦੇ ਮੇਰੇ ਯਤਨਾਂ ਦੀ ਇੱਕ ਨਿਮਰਤਾਪੂਰਨ ਪ੍ਰਵਾਨਗੀ ਹੈ। ਕੈਂਸਰ ਦੀ ਦੇਖਭਾਲ ਸਿਰਫ਼ ਡਾਕਟਰੀ ਇਲਾਜ ਬਾਰੇ ਨਹੀਂ ਹੈ, ਸਗੋਂ ਸਮਾਜ ਦੇ ਅੰਦਰ ਉਮੀਦ, ਜਾਗਰੂਕਤਾ ਅਤੇ ਹਮਦਰਦੀ ਫੈਲਾਉਣ ਬਾਰੇ ਵੀ ਹੈ। ਇਸੇ ਨੂੰ ਦੇਖਦਿਆਂ ਲੁਧਿਆਣਾ ਵਿੱਚ ਹੋਏ ਟਾਈਮਜ਼ ਹੈਲਥ ਸੇਵੀਅਰਜ਼ ਪ੍ਰੋਗਰਾਮ 'ਚ ਟਾਈਮਜ਼ ਗਰੁੱਪ ਵੱਲੋਂ ਡਾ. ਪ੍ਰਦੀਪ ਗਰਗ ਨੂੰ ਮਾਨਤਾ ਪੁਰਸਕਾਰ ਨਾਲ ਨਵਾਜਿਆ ਗਿਆ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫ਼ਰੀਦਕੋਟ ਜਿਥੇ ਪੰਜਾਬ ਦੇ ਵੱਖ-ਵੱਖ ਜਿਲਿਆ ਤੋਂ ਮਰੀਜ਼ ਆਪਣਿਆਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਕਰਵਾਉਣ ਆਉਂਦੇ ਹਨ ਅਤੇ ਮੈਡੀਕਲ ਫ਼ਰੀਦਕੋਟ ਦੇ ਕੈਂਸਰ ਵਿਭਾਗ ਦੇ ਮੁਖੀ ਡਾ. ਪ੍ਰਦੀਪ ਗਰਗ ਅਤੇ ਵਿਭਾਗ ਦਾ ਸਮੂਹ ਸਟਾਫ ਜੋ ਕਿ ਲਗਾਤਾਰ ਹੀ ਮਰੀਜਾਂ ਨੂੰ ਇਲਾਜ ਸਮੇਂ ਆਪਣੇ ਪਰਿਵਾਰਕ ਮੈਂਬਰ ਜਿਹਾ ਵਤੀਰਾ ਵਰਤਦਾ ਦਿਖਾਈ ਦਿੰਦਾ ਹੈ। ਡਾ. ਪ੍ਰਦੀਪ ਗਰਗ ਜੋ ਕੀ ਮਰੀਜਾਂ ਦਾ ਇਲਾਜ ਕਰਨ ਦੇ ਨਾਲ ਨਾਲ ਮਰੀਜਾਂ ਨੂੰ ਜਿੰਦਗੀ ਜਿਉਣ ਦੀ ਹੌਂਸਲਾ ਅਫ਼ਜਾਈ ਕਰਦੇ ਹਨ ਅਤੇ ਮਿਲੇ ਹੌਂਸਲੇ 'ਤੇ ਮਰੀਜ ਆਪਣੀ ਬਿਮਾਰੀ ਭੁੱਲ ਅੱਧਾ ਤਾਂ ਵੈਸੇ ਹੀ ਠੀਕ ਹੋ ਜਾਂਦਾ ਹੈ। ਡਾ. ਪ੍ਰਦੀਪ ਗਰਗ ਦਿਨ-ਰਾਤ ਮਰੀਜਾਂ ਦੀ ਸੇਵਾ ਕਰਦੇ ਹੀ ਨਜਰ ਆਉਂਦੇ ਹਨ। ਇਸੇ ਨੂੰ ਦੇਖਦੇ ਹੋਏ ਲੁਧਿਆਣਾ ਵਿੱਚ ਹੋਏ ਟਾਈਮਜ਼ ਹੈਲਥ ਸੇਵੀਅਰਜ਼ ਪ੍ਰੋਗਰਾਮ 'ਚ ਟਾਈਮਜ਼ ਗਰੁੱਪ ਵੱਲੋਂ ਡਾ. ਪ੍ਰਦੀਪ ਗਰਗ ਨੂੰ ਮਾਨਤਾ ਪੁਰਸਕਾਰ ਨਾਲ ਨਵਾਜਿਆ ਗਿਆ।




ਮੈਨੂੰ ਲੁਧਿਆਣਾ ਵਿੱਚ ਟਾਈਮਜ਼ ਹੈਲਥ ਸੇਵੀਅਰਜ਼ ਪ੍ਰੋਗਰਾਮ ਵਿੱਚ ਟਾਈਮਜ਼ ਗਰੁੱਪ ਵੱਲੋਂ ਮਾਨਤਾ ਪੁਰਸਕਾਰ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਹ ਪ੍ਰਸ਼ੰਸਾ ਕੈਂਸਰ ਬਾਰੇ ਜਾਗਰੂਕਤਾ ਪੈਦਾ ਕਰਨ, ਜ਼ਰੂਰੀ ਇਲਾਜ ਪ੍ਰਦਾਨ ਕਰਨ ਅਤੇ ਲੋੜਵੰਦਾਂ ਲਈ ਇੱਕ ਇਲਾਜ ਕਰਨ ਵਾਲੇ ਵਜੋਂ ਸੇਵਾ ਕਰਨ ਪ੍ਰਤੀ ਮੇਰੀ ਵਚਨਬੱਧਤਾ ਦੀ ਇੱਕ ਨਿਮਰਤਾਪੂਰਵਕ ਪ੍ਰਵਾਨਗੀ ਵਜੋਂ ਕੰਮ ਕਰਦੀ ਹੈ। ਕੈਂਸਰ ਦੀ ਦੇਖਭਾਲ ਡਾਕਟਰੀ ਦਖਲਅੰਦਾਜ਼ੀ ਤੋਂ ਪਰੇ ਹੈ। ਇਹ ਸਾਡੇ ਸਮਾਜ ਦੇ ਅੰਦਰ ਉਮੀਦ, ਜਾਗਰੂਕਤਾ ਅਤੇ ਹਮਦਰਦੀ ਦੇ ਮਹੱਤਵਪੂਰਨ ਤੱਤਾਂ ਨੂੰ ਸ਼ਾਮਲ ਕਰਦੀ ਹੈ। ਮੈਂ ਹਸਪਤਾਲ ਪ੍ਰਸ਼ਾਸਨ ਦਾ ਉਨ੍ਹਾਂ ਦੇ ਅਟੁੱਟ ਸਮਰਥਨ ਅਤੇ ਉਤਸ਼ਾਹ ਲਈ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਸ ਮਿਸ਼ਨ ਨੂੰ ਸਮਰਪਣ ਨਾਲ ਅੱਗੇ ਵਧਾਉਣ ਦੀ ਆਗਿਆ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੈਂ ਉਨ੍ਹਾਂ ਵਿਅਕਤੀਆਂ ਦਾ ਵੀ ਬਰਾਬਰ ਧੰਨਵਾਦੀ ਹਾਂ, ਜਿੰਨ੍ਹਾਂ ਨੇ ਮੇਰੇ 'ਤੇ ਆਪਣਾ ਭਰੋਸਾ ਰੱਖਿਆ ਹੈ ਅਤੇ ਇਸ ਯਾਤਰਾ ਦੌਰਾਨ ਮੇਰੇ ਨਾਲ ਖੜ੍ਹੇ ਰਹੇ ਹਨ, ਮੈਨੂੰ ਹੋਰ ਵੀ ਵੱਡੀ ਜ਼ਿੰਮੇਵਾਰੀ ਨਾਲ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਹੈ। ਇਹ ਪੁਰਸਕਾਰ ਸਿਰਫ਼ ਮੇਰਾ ਨਹੀਂ ਹੈ। ਇਹ ਹਰ ਉਸ ਵਿਅਕਤੀ ਦਾ ਹੈ ਜਿਸਨੇ ਇਸ ਨੇਕ ਕਾਰਜ ਵਿੱਚ ਯੋਗਦਾਨ ਪਾਇਆ ਹੈ। ਮੈਂ ਆਪਣੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਲਈ ਅਣਥੱਕ ਕੰਮ ਕਰਨ ਦੀ ਆਪਣੀ ਵਚਨਬੱਧਤਾ ਵਿੱਚ ਦ੍ਰਿੜ ਰਹਿੰਦਾ ਹਾਂ। ਇਕੱਠੇ ਮਿਲ ਕੇ ਅਸੀਂ ਕੈਂਸਰ ਵਿਰੁੱਧ ਲੜਾਈ ਵਿੱਚ ਇੱਕ ਅਰਥਪੂਰਨ ਪ੍ਰਭਾਵ ਬਣਾਉਣਾ ਜਾਰੀ ਰੱਖ ਸਕਦੇ ਹਾਂ।

## ਸਕੂਲੀ ਵਿਦਿਆਰਥੀ ਅਤੇ ਸਵੇਰ ਦੀ ਸਭਾ:



ਵਰਲਡ ਪੰਜਾਬੀ ਟਾਈਮਜ਼
ਬਰਜਿੰਦਰ ਪਾਲ ਸਿੰਘ ਬਰਨ

ਸਕੂਲ ਸਿਸਟਮ ਵਿੱਚ ਸਵੇਰ ਦੀ ਸਭਾ ਦਾ ਰੋਲ ਬਹੁਤ ਅਹਿਮ ਹੈ। ਇਸ ਵਿੱਚ ਵਿਦਿਆਰਥੀ, ਸਮੂਹ ਅਧਿਆਪਕ ਅਤੇ ਸਕੂਲ ਮੁਖੀ ਬੜੀ ਉਤਸੁਕਤਾ,ਉਤਸ਼ਾਹ ਨਾਲ ਸਮੂਲੀਅਤ ਕਰਦੇ ਹਨ। ਦਿਨ ਦੀ ਸੁਰੂਆਤ ਵਧੀਆ ਹੋ ਜਾਵੇ ਤਾ ਸਾਰਾ ਦਿਨ ਵਧੀਆ ਲੰਘਦਾ ਹੈ। ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਦੇ ਹਾਊਸ ਬਣੇ ਹੁੰਦੇ ਹਨ ।ਹਰ ਹਾਊਸ ਦੀ ਵਾਰੀ ਤਕਰੀਬਨ ਇੱਕ ਹਫਤਾ ਹੁੰਦੀ ਹੈ।ਹਾਊਸਜ ਵਿੱਚ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਵੰਡ ਕੀਤੀ ਜਾਦੀ ਹੈ। ਹਾਊਸਜ ਦੇ ਨਾ ਹੋਮੀ ਭਾਬਾ,ਸੀ. ਵੀ. ਰਮਨ ਭਾਈ ਵੀਰ ਸਿੰਘ ਸਹਿਬਜਾਦਾ ਜੋਰਾਵਰ ਸਿੰਘ ਫਤਿਹ ਸਿੰਘ ਅਜੀਤ ਸਿੰਘ ਜੁਝਾਰ ਸਿੰਘ ਮਾਤਾ ਗੁੱਜਰ ਕੌਰ,ਸਹੀਦ ਭਗਤ ਸਿੰਘ ਸਹੀਦ ਊਧਮ ਸਿੰਘ ਸਹੀਦ ਕਰਤਾਰ ਸਿੰਘ ਸਰਾਭਾ ਆਦਿ ਨਾਮ ਰੱਖੇ ਜਾਦੇ ਹਨ। ਇਹਨਾ ਨਾਲ ਸਬੰਧਿਤ ਫਲੈਕਸ ਬਣਾਏ ਜਾਦੇ ਹਨ ।ਹਾਊਸ ਦੇ ਦਿਨਾ ਅਨੁਸਾਰ ਇਹ ਫਲੈਕਸ ਪ੍ਰਦਰਸ਼ਿਤ ਕੀਤੇ ਜਾਦੇ ਹਨ।ਵਿਦਿਆਰਥੀ ਆਪਣੇ ਜਮਾਤ ਇੰਚਾਰਜ ਦੀ ਅਗਵਾਈ ਹੇਠ ਆਪਣੇ ਜਮਾਤ ਕਮਰਿਆ ਵਿੱਚੋ ਲਾਈਨਾ ਬਣਾ ਸਵੇਰ ਦੀ ਸਭਾ ਵਾਲੇ ਸਥਾਨ ਗਰਾਊਡ ਵਿੱਚ ਆਉਦੇ ਹਨ।ਕਤਾਰਾ ਵਿੱਚ ਖੜ੍ਹਦੇ ਹਨ। ਨਾਲ ਤੱਪੜ੍ਹ ਵੀ ਵਿਛਾਏ ਜਾਦੇ ਹਨ।ਡਰੱਮ ਦੀ ਬੀਟ ਹਰ ਇੱਕ ਦਾ ਧਿਆਨ ਸਵੇਰ ਦੀ ਸਭਾ ਵੱਲ ਖਿੱਚਦੀ ਜਾਦਾ ਹੈ।ਡੀ. ਪੀ. ਈ. ਅਤੇ ਪੀ. ਟੀ. ਈ. ਜਾ ਕੋਈ ਹੋਰ ਅਧਿਆਪਕ ਸਵੇਰ ਦੀ ਸਭਾ ਦੀ ਸੁਰੂਆਤ ਕਰਦਾ ਹੈ। ਕਈ ਸਕੂਲਾਂ ਵਿੱਚ ਕਮਾਡ ਵਿਦਿਆਰਥੀ ਵੀ ਦਿੰਦੇ ਹਨ। ਸਵੇਰ ਦੀ ਸਭਾ ਵਾਲੇ ਸਥਾਨ ਨੂੰ ਲੈਕਚਰ ਸਟੈਡ ਵਾਜਾ ਡਰੱਮ ਅਦਿ ਉਪਕਰਨਾ ਨਾਲ ਸਜਾਇਆ ਜਾਦਾ ਹੈ।ਸਵੇਰ ਦੀ ਸਭਾ ਦੌਰਾਨ ਸਬਦ ਧਾਰਮਿਕ ਪੱਖ ਤੋ ਸਕੂਲੀ ਵਿਦਿਆਰਥੀਆਂ ਨੂੰ ਤਕੜ੍ਹਾ ਕਰਦਾ ਹੈ ਅਤੇ ਤਪ ਦੀ ਜਗਿਆਸਾ ਪੜ੍ਹਾਈ ਨਾਲ ਵਧੇਰੇ ਜੁੜ੍ਹਦੀ ਹੈ। ਸਰਬੱਤ ਦੇ ਭਲੇ ਦਾ ਪਾਠ ਪੜ੍ਹਦਾ ਹੈ।ਜਨ ਗਣ ਮਨ ਰਾਸ਼ਟਰ ਦੇਸ਼ ਨਾਲ ਜੋੜ੍ਹਦਾ ਹੈ। ਦੇਸ਼ ਦੀ ਸੇਵਾ ਦੇਸ਼ ਦੀ ਮਹਾਨਤਾ ਨਾਲ ਜੁੜ੍ਹਦਾ ਹੈ।ਸਕੂਲੀ ਵਿਦਿਆਰਥੀ ਰੋਜਾਨਾ ਸਬਦ ਗਾਇਨ ਅਤੇ ਰਾਸਟਰੀ ਗੀਤ ਦੀ ਦੁਹਰਾਈ ਕਰਦੇ ਹਨ।ਸਕੂਲੀ ਵਿਦਿਆਰਥੀ ਅਤੇ ਅਧਿਆਪਕ ਸਬਦ ਗਾਇਨ ਦੌਰਾਨ ਭਗਤੀ ਅਤੇ ਰਾਸਟਰੀ ਗੀਤ ਦੌਰਾਨ ਦੇਸ ਦੇ ਮਾਣ,ਗਰਭ ਨਾਲ ਜੁੜ੍ਹ ਗਾਉਦੇ ਹਨ ।ਖੁਸ਼ੀ ਅਤੇ ਮਾਣ ਅਨੁਭਵ ਕਰਦੇ ਹਨ।ਸਵੇਰ ਦੀ ਸਭਾ ਹੀ ਇੱਕ ਸੁਭ ਸਵੇਰ ਦਾ ਮੌਕਾ ਹੁੰਦਾ ਹੈ ਜਦੋ ਸਮੂਹ ਜੁੜ੍ਹਦਾ ਹੈ। ਬਹੁਤ ਸਾਰੇ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਜਿਵੇ ਖੇਤੀਬਾੜੀ ਵਿਭਾਗ ਵਾਲੇ ਪਰਾਲੀ ਪ੍ਰਬੰਧਨ ਸਿਹਤ ਵਿਭਾਗ ਵਾਲੇ ਸਿਹਤ ਜਾਗਰੂਕਤਾ ਕੈਰੀਅਰ ਗਾਈਡੈਸ ਸੈਲ ਵਾਲੇ ਕੈਰੀਅਰ ਟਾਕ,ਬਿਜਲੀ ਵਿਭਾਗ ਵਾਲੇ ਬਿਜਲੀ ਦੀ ਬੱਚਤ,ਚੋਣ ਸੈਲ ਵਾਲੇ ਸਵੀਪ ਗਤੀਵਿਧੀਆ ਵੋਟ ਦੀ ਮਹੱਤਤਾ ,ਕਾਨੂੰਨੀ ਜਾਗਰੂਕਤਾ ਵਾਲੇ ਕਾਨੂੰਨ ਦਾ ਰੋਲ ਆਦਿ ਸਵੇਰ ਦੀ ਸਭਾ ਵਿੱਚ ਸਮੂਲੀਅਤ ਕਰ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਪਣਾ ਆਪਣਾ ਲੈਕਚਰ ਦਿੰਦੇ ਹਨ।ਜਾਗਰੂਕਤਾ ਕਿਰਿਆਵਾ ਦਾ ਆਯੋਜਨ ਅਕਸਰ ਸਵੇਰ ਦੀ ਸਭਾ ਦੌਰਾਨ ਹੀ ਕੀਤਾ ਜਾਦਾ ਹੈ।ਹਰ ਇੱਕ ਬਾਹਰੀ ਬੁਲਾਰੇ ਦੀ ਕੋਸਿਸ ਹੁੰਦੀ ਹੈ ਕਿ ਉਹ ਸਵੇਰ ਦੀ ਸਭਾ ਦੌਰਾਨ ਹੀ ਸਕੂਲੀ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਰੂਬਰੂ ਹੀ ਹੋਣ।ਸਵੇਰ ਦੀ ਸ਼ਭਾ ਦੌਰਾਨ ਅਧਿਆਪਕ ਆਪਣਾ ਲੈਕਚਰ ਭਖਦਿਆ ਮਸਲਿਆ ਜਿਵੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕਰਨਾ, ਨਸ਼ਿਆ ਦੇ ਬੁਰੇ ਪ੍ਰਭਾਵ ਦੱਸ ਨਸ਼ਿਆ ਤੋ ਕੋਹਾ ਦੂਰ ਰਹਿਣ ਲਈ ਪ੍ਰੇਰਿਤ ਕਰਨਾ, ਕੁਦਰਤੀ ਆਫਤਾ ਜਿਵੇ ਭੁਚਾਲ ਹੜ੍ਹ ਸੋਕਾ ਤੇਜ ਹਵਾਵਾ ਪਹਾੜ੍ਹਾ ਦਾ ਰਿਸਕਣਾ,ਸਵੈ ਅਨੁਸ਼ਾਸਨ ,ਅਨੁਸ਼ਾਸਨ ,ਰੋਜਾਨਾ ਹਾਜਰੀ,ਸਕੂਲੀ ਵਰਦੀ ਵਿੱਚ ਆਉਣ ਆਦਿ ਬਾਰੇ ਸਰਲ ਉਦਾਰਹਨਾਂ ਨਾਲ ਦੱਸਣਾ,ਟਰੈਫਿਕ ਜਾਗਰੂਕਤਾ ਸੜ੍ਹਕ ਦੇ ਨਿਯਮ ਲਾਈਟ ਸਿਗਨਲਾ ਦੀ ਪਾਲਨਾ, ਸਵੱਛਤਾ ਦੀ ਮਹੱਤਤਾ ਆਦਿ ਬਾਰੇ ਲੈਕਚਰ ਦਿੰਦੇ ਹਨ। ਸਵੇਰ ਦੀ ਸਭਾ ਦੀਆ ਕਿਰਿਆਵਾ ਦਾ ਇੰਦਰਾਜ ਲਈ ਹਰ ਸਕੂਲ ਵੱਲੋ ਵੱਖਰਾ ਰਜਿਸਟਰ ਲਗਾਇਆ ਹੁੰਦਾ ਹੈ ਜਿਸ ਵਿਚ ਰੋਜਾਨਾ ਕਿਰਿਆਵਾ ਦਰਜ ਕੀਤੀਆ ਜਾਦੀਆ ਹਨ। ਸਕੂਲੀ ਵਿਦਿਆਰਥੀਆਂ ਨੂੰ ਵੀ ਜਿੰਨਾ ਦੀ ਜਮਾਤ ਛੇਵੀ ਤੋ ਬਾਰਵੀ ਹੁੰਦੀ ਹੈ ਨੂੰ ਵੀ ਸਵੈ ਇੱਛਾ ਅਨੁਸਾਰ ਇਹਨਾ ਟਾਪਿਕਾ ਉਪੱਰ ਸਵੇਰ ਦੀ ਸਭਾ ਦੌਰਾਨ ਬੋਲਣ ਲਈ ਉਤਸ਼ਾਹਿਤ ਕੀਤਾ ਗਿਆ ਹੈ ਉਸ ਉੱਪਰ ਬੋਲ ਵੀ ਰਹੇ ਹਨ।ਜਿਸ ਨਾਲ ਵਧੀਆ ਬੁਲਾਰੇ ਬਣਨਗੇ।ਸਵੇਰ ਦੀ ਸਭਾ ਦੌਰਾਨ ਸਾਰੇ ਦਿਨ ਦੇ ਪ੍ਰੋਗਰਾਮ ਸਮਾ ਸਾਰਣੀ ਬਾਰੇ ਦੱਸਿਆ ਜਾਦਾ ਹੈ। ਜਿਸ ਤਰਾ ਪੇਪਰਜ ਦੇ ਦਿਨਾ ਦੌਰਾਨ ਸਿਟਿੰਗ ਪਲੈਨ ਰਾਹੀ ਕਮਰਿਆ ਵਿੱਚ ਬੈਠਣ ਬਾਰੇ ਦੱਸਿਆ ਜਾਦਾ ਹੈ।ਸਭਾ ਦੌਰਾਨ ਕੁਝ ਸਰੀਰਕ ਕਸਰਤ ਵੀ ਕਰਵਾਈ ਜਾਦੀ ਹੈ ਜਿਸ ਨਾਲ ਵਿਦਿਆਰਥੀ ਸਰੀਰਕ ਅਤੇ ਮਾਨਸਿਕ ਤੌਰ ਉੱਪਰ ਤਕੜ੍ਹੇ ਰਹਿੰਦੇ ਹਨ। ਸਵੇਰ ਦੀ ਸ਼ਭਾ ਦੌਰਾਨ ਵਿਦਿਆਰਥੀਆਂ ਦੀ ਹਾਜਰੀ ਵੀ ਲਗਾਈ ਜਾਦੀ ਹੈ। ਜਿਆਦਾ ਵਿਦਿਆਰਥੀਆਂ ਦੀ ਗਿਣਤੀ ਵੱਡੀ ਜਮਾਤ ਦੇ ਰੋਲ ਨੰਬਰ ਬਾਦ ਵਿੱਚ ਵੀ ਬੋਲਣੇ ਕਾਫੀ ਪ੍ਰਭਾਵਸਾਲੀ ਲੱਗਦੇ ਹਨ।ਹਾਜਰੀ ਦਾ ਜਵਾਬ ਵਿਦਿਆਰਥੀ ਖੜ੍ਹੇ ਹੋਣ ਬਾਦ ਦਿੰਦੇ ਹਨ।ਸਵੇਰ ਦੀ ਸਭਾ ਦੌਰਾਨ ਮੁੱਖ ਖਬਰਾ ਪੰਜਾਬੀ ਟ੍ਰਿਬਿਊਨ ਅਜੀਤ ਪੰਜਾਬੀ ਜਾਗਰਣ ਆਦਿ ਅਖਬਾਰਾ ਵਿੱਚੋ ਸਹੀ ਲਗਾ ਅਧਿਆਪਕ ਦਿੰਦੇ ਹਨ ਫਿਰ ਵਿਦਿਆਰਥੀਆਂ ਵੱਲੋ ਪੜ੍ਹੀਆ ਜਾਦੀਆ ਹਨ ਫਿਰ ਉਹਨਾ ਨੂੰ ਬਲੈਕਬੋਰਡ ਉੱਪਰ ਵੀ ਲਿਖਿਆ ਜਾਦਾ ਹੈ ਬਲੈਕਬੋਰਡ ਅਜਿਹੇ ਸਥਾਨ ਉੱਪਰ ਪ੍ਰਦਰਸ਼ਿਤ ਹੁੰਦਾ ਹੈ ਜਿੱਥੋ ਦੀ ਸਕੂਲੀ ਵਿਦਿਆਰਥੀਆਂ ਦਾ ਜਿਆਦਾ ਆਣ ਜਾਣ ਹੁੰਦਾ ਹੈ। ਫਿਰ ਅੱਧੀ ਛੁੱਟੀ ਜਾ ਆਉਦੇ ਜਾਦੇ ਵਿਦਿਆਰਥੀ ਖਬਰਾ ਪੜ੍ਹਦੇ ਹਨ।ਕਈ ਵਿਦਿਆਰਥੀ ਆਪਣੀ ਕਾਪੀ ਉੱਪਰ ਨੋਟ ਵੀ ਕਰਦੇ ਹਨ।ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਵੱਲੋ ਅੱਜ ਦਾ ਵਿਚਾਰ ਕਿਸਮਤ ਨੂੰ ਅਤੇ ਦੂਜਿਆ ਨੂੰ ਦੋਸ਼ ਕਿਉ ਦੇਣਾ ਜੇਕਰ ਸੁਪਨੇ ਸਾਡੇ ਹਨ ਤਾਂ ਕੋਸ਼ਿਸ਼ ਵੀ ਸਾਡੀ ਹੋਣੀ ਚਾਹੀਦੀ ਹੈ।ਤੁਹਾਡਾ ਆਤਮ ਵਿਸਵਾਸ਼ ਅਸੰਭਵ ਨੂੰ ਸੰਭਵ ਕਰਨ ਦੀ ਤਾਕਤ ਰੱਖਦਾ ਹੈ।ਅੱਜ ਦੀ ਕੀਤੀ ਮਿਹਨਤ ਆਉਣ ਵਾਲੇ ਕੱਲ ਦੀ ਤਾਕਤ ਬਣਦੀ ਹੈ।ਨੈਤਿਕਤਾ ਤੋ ਬਗੈਰ ਸਿੱਖਿਆ ਬਿਨਾ ਕੰਪਾਸ ਦੇ ਭਟਕਦੇ ਹੋਏ ਸਮੁੰਦਰੀ ਜਹਾਜ ਵਰਗੀ ਹੈ।ਆਪਣੇ ਕੰਮ ਨੂੰ ਹੋਵਾਂ ਅਰਪਣ ਸਾਹਵੇ ਰੱਖ ਜਮੀਰ ਦਾ ਦਰਪਣ।ਹੱਥ ਲਕੀਰਾ ਦੀ ਚਿੰਤਾ ਨਾ ਕਰੋ ਹੱਥ ਹੀ ਸਿਰਜਣਹਾਰ ਹਨ।ਵੱਡਿਆਂ ਦਾ ਸਤਿਕਾਰ ਕਰੋ। ਸਮਾਂ ਵਿਸ਼ਵਾਸ ਅਤੇ ਸਤਿਕਾਰ ਅਜਿਹੇ ਪੰਛੀ ਹਨ ਜੋ ਉੱਡ ਜਾਣ ਤਾਂ ਵਾਪਿਸ ਨਹੀ ਆਉਦੇ ਆਦਿ ਬੋਲਿਆ ਜਾਣਾ ਕਾਫੀ ਪ੍ਰਭਾਵ ਵਾਲਾ ਹੁੰਦਾ ਹੈ।ਅਧਿਆਪਕ ਵੱਧ ਤੋ ਵੱਧ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਦੌਰਾਨ ਅਲੱਗ ਅਲੱਗ ਈਵੈਟਸ ਵਿੱਚ ਆਉਣ ਲਈ ਉਤਸ਼ਾਹਿਤ ਕਰਦੇ ਹਨ।ਖੁਦ ਵਿਦਿਆਰਥੀਆਂ ਨੂੰ ਵੀ ਆਪ ਅੱਗੇ ਆਉਣਾ ਚਾਹੀਦਾ ਹੈ । ਮਾਪਿਆਂ ਨੂੰ ਵੀ ਆਪਣੇ ਬੱਚਿਆ ਨੂੰ ਪਰਫੋਰਮ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਦੀ ਸਖਸ਼ੀਅਤ ਦਾ ਸਰਵਪੱਖੀ ਵਿਕਾਸ ਹੁੰਦਾ ਹੈ।ਆਪਣੀ ਗੱਲ ਸਮਾਜ ਅਤੇ ਮਾਪਿਆਂ ਵੱਡਿਆ ਕੋਲ ਰੱਖਣ ਦੇ ਸਮਰੱਥ ਹੋਣਗੇ।

## ਸਰਕਾਰ ਤੇ ਅਫਸਰਾਂ ਦੀ ਕਰਤੂਤ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ ਕੌਰ ਪੰਧੇਰ




ਅੱਜ ਵੇਖ ਕੇ ਬਹੁਤ ਦੁੱਖ ਹੋਇਆ ਹੈ ਕਿਵੇਂ ਦਰਿਆਵਾਂ ਦੇ ਬੰਨ ਟੁੱਟ ਗਏ ਹਨ ਜਿਸ ਪਾਣੀ ਨਾਲ ਗਰੀਬ ਲੋਕਾਂ ਦਾ ਨੁਕਸਾਨ ਹੋਇਆ ਹੈ ਕਿਸਾਨਾਂ ਦੀ ਫਸਲਾਂ ਰੁੱੜ ਗਈਆਂ ਘਰ ਰੁੱੜ ਗਏ ਮਾਲ ਡੰਗਰ ਰੁੱੜ ਗਏ। ਏਥੋਂ ਤੱਕ ਕਿ ਕਈਆਂ ਦੇ ਘਰ ਦੀ ਜੀਆਂ ਵੀ ਰੁੜ੍ਹ ਗਏ ਅੱਜ ਉਹ ਬਰਬਾਦ ਹੋ ਗਏ ਪੈਲੀਆਂ ਕਿਸਾਨਾਂ ਦੀਆਂ ਬਰਬਾਦ ਹੋਈਆਂ ਘਰ ਬਰਬਾਦ ਹੋਏ ਪਰ ਹੈਰਾਨਗੀ ਦੀ ਗੱਲ ਹੈ ਕਿ ਸਰਕਾਰ ਨੇ ਕਨੂੰਨ ਲਾਗੂ ਕੀਤਾ ਹੈ ਕਿ ਕਿਸਾਨ ਆਪਣੀ ਜ਼ਮੀਨ ਵਿੱਚੋਂ ਰੇਤ ਦੀ ਬੋਰੀ ਵੀ ਨਹੀਂ ਕੱਢ ਸਕਦਾ

ਉਹ ਸਰਕਾਰ ਦੇ ਪਾਲੇ ਹੋਏ ਕਾਰਿੰਦੇ ਰੇਤ ਕੱਢ ਕੇ ਕਰੋੜਾਂ ਰੂਪੈ ਕਮਾ ਰਹੇ ਹਨ ਇਹ ਕਿਸ ਕਨੂੰਨ ਵਿੱਚ ਲਿਖਿਆ ਹੈ ਕਿ ਆਪਣੀ ਜ਼ਮੀਨ ਦੀ ਮਿੱਟੀ ਰੇਤ ਵੇਚ ਕੇ ਅਸੀਂ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦੇ ਸਾਡੇ ਪਰਿਵਾਰ ਭੁੱਖੇ ਮਰਨ ਸਾਡੀਆਂ ਜ਼ਮੀਨਾਂ ਵਿੱਚੋਂ ਇਹ ਐਸ਼ ਕਰਨ ਲੱਖ ਲਾਹਨਤ ਹੈ ਇਹੋ ਜਿਹੇ ਕਨੂੰਨਾਂ ਦੇ
ਜਿਸ ਦੇਸ਼ ਵਿੱਚ ਕਿਸਾਨਾਂ ਦਾ ਹੱਕ ਅਫਸਰ ਸ਼ਾਹੀ ਤੇ ਸਰਕਾਰ ਦੇ ਪਾਲੇ ਕਰਿੰਦੇ ਖਾਂ ਕੇ ਐਸ਼ ਕਰਨ ਇਹ ਪੈਸਾ ਨਾਲ ਨਹੀਂ ਜਾਣਾ ਕਿਸਾਨਾਂ ਦੀਆਂ ਬਦ ਅਸੀਸਾਂ ਲੱਗਣ ਗੀਆ
ਜੇ ਕਿਸਾਨ ਰੇਤਾ ਆਪਣੀ ਜ਼ਮੀਨ ਵਿੱਚੋਂ ਕੱਢਦਾ ਹੈ ਤਾਂ ਵਾਤਾਵਰਨ ਖ਼ਰਾਬ ਹੁੰਦਾ ਹੈ ਜੇ ਅਫ਼ਸਰ ਤੇ ਕਰਿੰਦੇ ਰੇਤਾ ਕੱਢ ਕੇ ਵੇਚਦੇ ਹਨ ਫਿਰ ਵਾਤਾਵਰਨ ਖ਼ਰਾਬ ਨਹੀਂ ਹੁੰਦਾ
ਜਦੋਂ 88 ਵਿੱਚ ਹੜ੍ਹ ਆਏ ਸੀ ਸਾਡੀ ਜ਼ਮੀਨ ਰਾਵੀ ਦੇ ਕੰਢੇ ਤੇ ਸੀ ਸਾਰੀ ਜ਼ਮੀਨ ਰੁੜ੍ਹ ਗਈ ਫਸਲਾਂ ਰੁੜ੍ਹ ਗਈਆਂ ਮੋਟਰਾਂ ਰੁੜ੍ਹ ਗਈਆਂ ਅਸੀਂ ਕੰਗਾਲ ਹੋ ਗਏ ਕਿਸੇ ਨੇ ਸਾਡੀ ਸਾਰ ਨਾ ਲਈ ਕਈਆਂ ਸਾਲਾਂ ਬਾਅਦ ਸਾਨੂੰ ਕੁੱਝ ਹੋਸ਼ ਆਈ ਤੇ ਅਸੀਂ ਰੋਟੀ ਖਾਣ ਜੋਗੇ ਹੋਏ। ਉਸ ਟਾਇਮ ਜੋ ਖ਼ਰਾਬਾ ਸਰਕਾਰ ਨੇ ਦਿੱਤਾ ਉਸ ਦਾ ਚੌਥਾ ਹਿੱਸਾ ਸਾਨੂੰ ਮਿਲਿਆ ਬਾਕੀ ਤਿੰਨ ਹਿੱਸੇ ਅਫਸਰ ਖਾ ਗਏ ਹੁਣ ਵੀ ਇਸ ਤਰ੍ਹਾਂ ਹੀ ਹੋਣਾ ਹੈ ਕਿਸਾਨ ਨੂੰ ਕੁੱਝ ਨਹੀਂ ਮਿਲਣਾ ਅਫਸਰ ਹੀ ਖਾਣ ਗੇ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਕਿਸਾਨਾ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ ਅਫਸਰਾਂ ਦੇ ਹੱਥ ਨਾ ਕੁੱਝ ਲੱਗੇ ਜੇ ਕਿਸਾਨਾਂ ਦੇ ਕਰਜ਼ੇ ਮੁਆਫ਼ ਹੋ ਜਾਣ ਗੇ ਤਾਂ ਕਿਸਾਨ ਦੀ ਕਰਜ਼ੇ ਦੀ ਚਿੰਤਾ ਮੁੱਕ ਜਾਵੇ ਗੀ ਤੇ ਕਿਸਾਨ ਮੇਹਨਤ ਕਰਕੇ ਰੋਟੀ ਖਾ ਲਵੇ ਗਾ
ਸਰਕਾਰ ਨੂੰ ਕਿਸਾਨਾਂ ਬਾਰੇ ਸੋਚਣਾ ਚਾਹੀਦਾ ਹੈ
ਇੱਕ ਤਾਂ ਕਿਸਾਨ ਆਪਣੀ ਜ਼ਮੀਨ ਵਿੱਚੋਂ ਰੇਤ ਚੁੱਕ ਸਕੇ ਤੇ ਇੱਕ ਖ਼ਰਾਬਾ ਦੇਣ ਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ ਸਰਕਾਰ ਦੀ ਬਹੁਤ ਕਿਸਾਨਾਂ ਤੇ ਮੇਹਰਬਾਨੀ ਹੋਵੇਗੀ

## ਪਾਣੀ ਜ਼ਿੰਦਗੀ 'ਚ ਨਿਰੰਤਰ ਵਹਿਣ ਦਾ ਆਦੇਸ਼ ਦਿੰਦਾ ਹੈ।



ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਪਾਣੀ ਤੋਂ ਬਿਨਾਂ ਜੀਵਨ ਅਧੂਰਾ ਹੈ। 84 ਲੱਖ ਜੂਨ ਪਾਣੀ ਉੱਪਰ ਹੀ ਨਿਰਭਰ ਹੈ। ਪਾਣੀ ਇੱਕ ਪ੍ਰਾਕਿਰਤਿਕ ਅਤੇ ਜੀਵਨਦਾਈ ਸਾਧਨ ਹੈ। ਪਾਣੀ ਇੱਕ ਮਹੱਤਵਪੂਰਨ ਸੰਸਾਧਨ ਹੈ। ਪਾਣੀ ਜੜ੍ਹ ਚੇਤਨਾ ਦਾ ਸਵਾਮੀ ਹੈ। ਪਾਣੀ ਕੁਦਰਤ ਦੀ ਮੁੱਢ ਕਦੀਮੀ ਪਾਰਦਰਸ਼ੀ ਅਦਭੁਤ, ਅਨਮੋਲ, ਅਦੁੱਤੀ ਤੇ ਸ਼ੀਤਲ ਸੁੰਦਰ ਰਚਨਾ ਹੈ। ਤੜਪਦੇ ਜਾਂ ਜ਼ਖ਼ਮੀ ਪ੍ਰਾਣੀ ਦੀ ਹਾਏ ਨੂੰ ਸ਼ਾਂਤ ਸ਼ੀਤਲ ਸੰਤੁਸ਼ਟ ਕਰਨ ਲਈ ਤੇ ਹਾਏ ਦੀ ਤ੍ਰਿਪਤੀ ਦਾ ਪਰਮਾਤਮਾ ਪਾਣੀ ਹੀ ਹੈ। ਸਾਰੀ ਧਰਤੀ ਪਾਣੀ ਦੀ ਪ੍ਰਭੂ ਸਤਾ ਰੂਪੀ ਥੰਮੀਆਂ ਉੱਪਰ ਸੁੰਦਰ ਸ੍ਰਿਸ਼ਟੀ ਨਾਲ ਸ਼ੋਭਨੀਏ ਹੈ। ਪਾਣੀ ਜ਼ਿੰਦਗੀ ਨੂੰ ਨਿਰੰਤਰ ਵਹਿਣ ਦਾ ਸੰਦੇਸ਼ ਦਿੰਦਾ ਹੋਇਆ ਨਿਮਰਤਾ ਅਤੇ ਅਭਿਵਾਦਨ ਦਾ ਸੂਚਕ ਹੋ ਜਾਂਦਾ ਹੈ। ਸ੍ਰਿਸ਼ਟੀ ਦੀ ਸਮੁੱਚੀ ਹੋਂਦ ਦੀ ਸੁੰਦਰਤਾ, ਉਪਜਤਾ, ਖੁਸ਼ਹਾਲੀ, ਖੇੜਾ ਤੇ ਲੰਬੀ ਉਮਰ ਦਾ ਸੱਚਾ ਸਾਥੀ ਹੈ। ਪਾਣੀ ਹੀ ਹੈ ਜੋ ਅਗਨੀ ਨੂੰ ਸ਼ਾਂਤ ਕਰ ਸਕਦਾ ਹੈ। ਪਾਣੀ ਦੀ ਤਾਕਤ ਹੀ ਅਗਨੀ ਦੀ ਦੁਸ਼ਮਣ ਹੈ। ਪਾਣੀ ਇੱਕ ਐਸਾ ਸਰਵੋਤਮ ਦੇਵਤਾ ਹੈ ਜਿਸ ਦੇ ਅੱਗੇ ਗੰਦਲਾ ਪ੍ਰਸ਼ਾਦਿ ਚੜ੍ਹਾਉਣਾ ਇੱਕ ਮਹਾਂ ਪਾਪ ਹੈ। ਪਾਣੀ ਦੀ ਪਵਿੱਤਰਤਾ ਹੀ ਮਨੁੱਖ ਨੂੰ ਸਰੀਰਕ ਸੁੱਖ ਤੇ ਜੰਨਤ ਦਾ ਰਸਤਾ ਦੱਸਦੀ ਹੈ। ਕਿਸੇ ਵੀ ਜੜ ਨੂੰ ਪ੍ਰਫੁੱਲਤ ਹੋਣ ਲਈ ਖੁਸ਼ਹਾਲੀ ਦਾ ਅਸ਼ੀਰਵਾਦ ਪਾਣੀ ਹੀ ਦਿੰਦਾ ਹੈ। ਪਾਣੀ ਦਾ ਮੋਹ ਤਾਂ ਜੰਨਤ ਹੈ ਪਰ ਇਸ ਦੀ ਦੁਸ਼ਮਣੀ ਬਰਬਾਦੀ ਕਰਦੀ ਹੈ ਜਿਨਾਂ ਕੌਮਾਂ ਦੇ ਉੱਪਰ ਪਾਣੀ ਦੀਆਂ ਸ਼ੁਭਕਾਮਨਾਵਾਂ ਹਨ ਉਹਨਾਂ ਕੌਮਾਂ ਨੇ ਸੁਖਦ ਜੀਵਨ ਪਾ ਕੇ ਤਰੱਕੀ ਦੀਆਂ ਮੰਜ਼ਿਲਾਂ ਛੂਹੀਆਂ ਹਨ ਅਤੇ ਗਰਮੀ ਦੇ ਵਿੱਚ ਕਿਸੇ ਠੰਡੇ ਪਾਣੀ ਵਿੱਚ ਮਾਰੀ ਚੁੱਬੀ ਕਿਸੇ ਜੰਨਤ ਦੇ ਅਹਿਸਾਸ ਤੋਂ ਘੱਟ ਨਹੀਂ ਹੁੰਦੀ। ਸਭ ਤੋਂ ਪਹਿਲਾਂ ਮਨੁੱਖ ਨੂੰ ਪਾਣੀ ਦੇ ਤੱਤਾਂ ਨੇ ਹੀ ਹੋਂਦ ਵਿਚ ਲਿਆਂਦਾ ਹੋਵੇਗਾ ਜਿੱਥੇ ਪਾਣੀ ਨਹੀਂ ਉੱਥੇ ਜੀਵਨ ਨਹੀਂ ਜਿੱਥੇ ਪਾਣੀ ਦਾ ਪੱਧਰ ਬਿਲਕੁਲ ਘੱਟ ਜਾਂਦਾ ਹੈ ਉੱਥੇ ਗੈਸਾਂ ਦੀ ਬਹੁਤਾਤ ਹੋਣ ਕਰਕੇ ਜਵਾਲਾ ਪੈਦਾ ਹੁੰਦੇ ਹਨ। ਪਾਣੀ ਦੇ ਘਟਦੇ ਪੱਧਰ ਨਾਲ ਗੈਸਾਂ ਦੀ ਬਹੁਤਾਤ ਧਰਤੀ ਨੂੰ ਨਸ਼ਟ ਕਰ ਦਿੰਦੀ ਹੈ।
ਵਧਦੀ ਜਨਸੰਖਿਆ ਅਤੇ ਵੱਖ-ਵੱਖ ਪਹਿਲੂਆਂ ਦੁਆਰਾ ਇਸ ਦਾ ਦੁਰ ਉਪਯੋਗ ਪਾਣੀ ਦਾ ਪੱਧਰ ਘੱਟ ਰਿਹਾ ਹੈ। ਪਾਣੀ ਦੀ ਵਰਤੋਂ ਜੀਵਨ ਦੇ ਹਰ ਪਹਿਲੂ ਵਿੱਚ ਕੀਤੀ ਜਾਂਦੀ ਹੈ। ਘਰੇਲੂ ਰਸੋਈ ਤੋਂ ਲੈ ਕੇ ਬਾਹਰੀ ਕਾਰਜਾਂ ਵਿੱਚ ਵੀ ਪਾਣੀ ਦੀ ਇੱਕ ਵਿਸ਼ੇਸ਼ ਮਹੱਤਤਾ ਹੈ। ਪਾਣੀ ਮਨੁੱਖ ਦੀ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਸਾਥ ਦਿੰਦਾ ਹੈ ਪਾਣੀ ਇੱਕ ਸੱਚਾ ਮਿੱਤਰ ਹੈ। ਪਾਣੀ ਹੀ ਭਗਵਾਨ ਦਾ ਦੂਸਰਾ ਰੂਪ ਹੈ। ਇਸ ਲਈ ਹੀ ਪਾਣੀ ਦੀ ਹੀ ਪੂਜਾ ਹੁੰਦੀ ਹੈ। ਵਿਗਿਆਨ ਤੋਂ ਲੈ ਕੇ ਧਾਰਮਿਕ ਘਰੇਲੂ ਸਮਾਜਿਕ ਵਿਹਾਰਿਕ ਕਾਰਜਾਂ-ਸਮਾਗਮਾਂ ਵਿੱਚ ਪਾਣੀ ਦੀ ਵਿਸ਼ੇਸ਼ ਅਹਿਮੀਅਤ ਜੁਗਾਂ ਜੁਗੰਤਰਾਂ ਤੋਂ ਚਲਦੀ ਆ ਰਹੀ ਹੈ। ਖੇਤੀ ਕਾਇਨਾਤ ਤੋਂ ਮਨੁੱਖ ਦੀ ਖੂਬਸੂਰਤੀ ਲਈ ਪਾਣੀ ਦੀ ਮੁੱਖ ਭੂਮਿਕਾ ਹੈ।
ਜਲ ਸੰਸਾਧਨਾਂ ਦੇ ਨਿਯੋਜਨ, ਵਿਕਾਸ ਅਤੇ ਪ੍ਰਬੰਧਨ ਨੂੰ ਰਾਸ਼ਟਰੀਏ ਪੱਧਰ ਤੇ ਸੰਚਾਲਿਤ ਕਰਨ ਲਈ ਤੁਰੰਤ ਜ਼ਰੂਰਤ ਨੂੰ ਦੇਖਦੇ ਹੋਏ ਸੰਨ 1986 ਤੋਂ ਹੁਣ ਤੱਕ ਤਿੰਨ ਵਾਰ ਵੱਖ-ਵੱਖ ਜਲ ਵਿਸ਼ੇਸ਼ ਵਿਗਿਆਨੀਆਂ ਦੀ ਨਿਗਰਾਨੀ ਵਿੱਚ ਜਲ ਨੀਤੀ ਦੀ ਰੂਪ ਰੇਖਾ ਤਿਆਰ ਕੀਤੀ ਗਈ ਹੈ। ਦੇਸ਼ ਦੀ ਪਹਿਲੀ ਜਲ ਨੀਤੀ ਸੰਨ 1986 ਵਿੱਚ ਅਤੇ ਦੂਸਰੀ ਸੰਨ 2002 ਵਿੱਚ ਲਾਗੂ ਕੀਤੀ ਗਈ। ਪਰ ਇੰਨਾ ਜਲ ਨੀਤੀਆਂ ਦੇ ਬਾਵਜੂਦ ਕਈ ਖਾਮੀਆਂ ਦੇ ਕਾਰਨ ਜਲ ਪੱਧਰ ਵਿੱਚ ਗਿਰਾਵਟ ਦਾ ਸਿਲਸਿਲਾ ਜਾਰੀ ਰਿਹਾ। ਨਦੀ ਨਾਲੇ ਸੁੱਕਣ ਕਾਰਨ, ਜਲ ਪ੍ਰਦੂਸ਼ਣ ਵਧਣ ਦੇ ਕਾਰਨ, ਪਹਾੜੀ ਨਦੀਆਂ ਵਿੱਚ ਗੰਦਲਾ ਰੋਹੜ ਹੋਣ ਕਰਕੇ, ਜਲ ਪ੍ਰਦੂਸ਼ਣ ਵਧਣ ਲੱਗ ਪਿਆ। ਭਾਰਤ ਦੀਆਂ ਪ੍ਰਸਿੱਧ ਨਦੀਆਂ ਵਿੱਚ ਗੰਦਗੀ ਸੁੱਟਣ ਕਰਕੇ, ਅਸਥੀਆਂ ਪ੍ਰਵਾਹਣ ਕਰਕੇ, ਧਾਰਮਿਕ ਰੀਤਾਂ ਰਿਵਾਜਾਂ ਕਰਕੇ, ਸ਼ਹਿਰੀ ਕੂੜਾ ਕਰਕਟ ਸੁੱਟਣ ਕਰਕੇ ਆਦਿ ਪਾਣੀਆਂ ਵਿੱਚ ਸੰਘਣੀ ਗੰਦਗੀ ਤੋਂ ਗਾਰ ਫੈਲਣੀ ਸ਼ੁਰੂ ਹੋ ਗਈ। ਇਸ ਕਰਕੇ ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਜਲ ਨੀਤੀ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਤਾਂ ਕਿ ਨਦੀਆਂ ਨਾਲਿਆਂ ਦੇ ਜਲ ਦੇ ਗੰਦਲੇਪਨ ਨੂੰ ਰੋਕਣ ਲਈ ਜਿਆਦਾ ਤੋਂ ਜਿਆਦਾ ਜਲ ਸੰਯੋਜਨ ਕੀਤੇ ਜਾ ਸਕਣ। ਸੰਨ 2012 ਵਿੱਚ ਭਾਰਤ ਸਰਕਾਰ ਦੇ ਜਲ ਸੰਸਾਧਨ ਮੰਤਰਾਲੇ ਨੇ ਇੱਕ ਹੋਰ ਨਵੀਂ ਜਲ ਨੀਤੀ ਤਿਆਰ ਕੀਤੀ ਜਿਸ ਨੂੰ ਜਲ ਨੀਤੀ 2022 ਦਾ ਨਾਮ ਦਿੱਤਾ ਗਿਆ।
ਰਾਸ਼ਟਰੀਏ ਜਲਨੀਤੀ ਦੇ ਅਨੁਸਾਰ ਜਲ ਸੰਸਾਧਨਾਂ ਨਿਯੋਜਨ ਵਿਕਾਸ ਅਤੇ ਪ੍ਰਬੰਧਨ ਰਾਸ਼ਟਰੀ ਦ੍ਰਿਸ਼ਟੀ ਕੌਮ ਨਾਲ ਸੰਚਾਲਿਤ ਕੀਤੇ ਜਾਣ ਦੀ ਜ਼ਰੂਰਤ ਹੈ। ਕੇਂਦਰ ਅਤੇ ਰਾਜ ਪੱਧਰ ਦੀਆਂ ਏਜੰਸੀਆਂ ਇੱਕ ਸ਼ਕਤੀਸ਼ਾਲੀ ਨੈਟਵਰਕ ਦੀ ਭੂਮਿਕਾ ਨਿਭਾਉਣਾ। ਉਪਯੋਗੀ ਜਲ ਸੰਸਾਧਨਾਂ ਨੂੰ ਹੋਰ ਜਿਆਦਾ ਉੱਪਰ ਚੁੱਕਣ ਲਈ ਇੱਕ ਨਦੀ ਨੂੰ ਦੂਸਰੀ ਨਦੀ ਨਾਲ ਜੋੜਿਆ ਜਾਏ। ਸਮੁੰਦਰ ਜਲ ਦੇ ਖਾਰੇ ਪਾਣੀ ਨੂੰ ਦੂਰ ਕਰਨ ਲਈ ਵਿਧੀਆਂ ਦੇ ਨਾਲ-ਨਾਲ ਬਾਰਿਸ਼ ਦੇ ਪਾਣੀ ਨੂੰ ਸੁਚੱਜੇ ਢੰਗ ਨਾਲ ਮੁੱਖ ਪਾਣੀ ਦੇ ਯੋਗ ਬਣਾਇਆ ਜਾਏ। ਇਸ ਲਈ ਰਾਸ਼ਟਰੀ ਪੱਧਰ 'ਤੇ ਖੋਜ ਤੇ ਵਿਕਾਸ ਨੂੰ ਹੋਰ ਉਤਸਾਹਿਤ ਕਰਨ ਲਈ ਜ਼ਰੂਰਤ ਹੈ। ਹਾਈਡ੍ਰੋਲਾਜੀਕਲ ਇਕਾਈ ਦੇ ਲਈ ਜਲ ਸੰਸਾਧਨ ਵਿਕਾਸ ਤੇ ਪ੍ਰਬੰਧਨ ਦੀ ਯੋਜਨਾ ਤਹਿਤ ਨਦੀਆਂ ਘਾਟੀਆਂ ਦੇ ਸੰਗਠਨਾਂ ਨੂੰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਜਿਸ ਜਗ੍ਹਾ ਤੇ ਪਾਣੀ ਦੀ ਕਮੀ ਹੈ ਉਸ ਇਲਾਕੇ ਨੂੰ ਨਦੀਆਂ ਨਾਲਿਆਂ ਨਾਲ ਜੋੜਿਆ ਜਾਏ। ਜਲ ਵੰਡ ਦੀ ਪ੍ਰਾਰਥਮਿਕਤਾ ਸਭ ਤੋਂ ਪਹਿਲਾਂ ਪੀਣ ਵਾਲੇ ਪਾਣੀ ਨੂੰ, ਫਿਰ ਸਿੰਚਾਈ, ਇਸਦੇ ਬਾਅਦ ਪਨ ਬਿਜਲੀ, ਖੇਤੀਬਾੜੀ ਅਤੇ ਗੈਰ ਉਦਯੋਗਾਂ ਆਦਿ ਨੂੰ ਕ੍ਰਮ ਵਿੱਚ ਕਰਨਾ ਚਾਹੀਦਾ ਹੈ। ਪਾਣੀ ਦੀ ਦੁਰ ਉਪਯੋਗਤਾ ਨੂੰ ਰੋਕਿਆ ਜਾਏ। ਪੁਨਰ ਸਥਾਪਿਤ ਤੇ ਪੁਨਰਵਾਸ ਤੋਂ ਯੋਜਨਾ ਮੰਤਰੀ ਨਾਲ ਕੰਮ ਕੀਤਾ ਜਾਏ ਤਾਂ ਕਿ ਇਸਦਾ ਲਾਭ ਪ੍ਰਭਾਵਿਤ ਲੋਕਾਂ ਨੂੰ ਵੀ ਮਿਲ ਸਕੇ। ਸਤਾ ਵਾਲੇ ਪਾਣੀ ਤੇ ਧਰਤੀ ਵਿਚਲੇ ਪਾਣੀ ਦੀ ਗੁਣਵੰਤਾ 'ਤੇ ਨਿਗਰਾਨੀ ਰੱਖੀ ਜਾਵੇ। ਦੂਸ਼ਿਤ ਪਾਣੀ ਨੂੰ ਪ੍ਰਾਕ੍ਰਿਤਿਕ ਪਾਣੀ ਵਿੱਚ ਮਿਲਾਉਣ ਦੀ ਕੋਸ਼ਿਸ਼ ਕੀਤੀ ਜਾਏ। ਪਾਣੀ ਦੇ ਪੱਧਰ ਲਈ, ਇਸਦੇ ਬਚਾਓ ਲਈ ਪ੍ਰਚਾਰ, ਪ੍ਰਸਾਰ, ਸਿੱਖਿਆ, ਦੰਡ ਅਤੇ ਮਾਨ ਸਨਮਾਨ ਦੀ ਜਰੀਏ ਜਲ ਬਚਾਓ ਚੇਤਨਾ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ। ਧਰਤੀ ਵਿਚਲਾ ਪਾਣੀ ਮਿੱਠਾ ਹੁੰਦਾ ਹੈ, ਕਿਉਂਕਿ ਇਹ ਮਿੱਟੀ ਦੇ ਕਣਾਂ ਵਿੱਚ ਵਸਿਆ ਹੁੰਦਾ ਹੈ। ਇਹ ਗਰਭਿਤ ਪਾਣੀ ਹੁੰਦਾ ਹੈ।
(ਬੋਤਲ ਉਪਯੋਗ) ਬਾਟਲਿੰਗ ਪਲਾਂਟਸ ਦੁਆਰਾ ਪਾਣੀ ਦੀ ਜਿਆਦਾ ਖੱਪਤ ਕਰਕੇ ਵੀ ਬਹੁਤ ਸਾਰਾ (ਲੱਖ ਟਨ) ਪਾਣੀ ਫਜ਼ੂਲ ਹੀ ਜਾਂਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਪਾਣੀ ਦਾ ਪੱਧਰ ਇਸ ਕਰਕੇ ਠੀਕ ਹੈ, ਕਿ ਉੱਥੇ ਨਦੀਆਂ-ਨਾਲਿਆਂ ਤੇ ਕੁਦਰਤੀ ਨਿਕਲਦੇ ਪਾਣੀਆਂ ਨੂੰ ਖੇਤੀ ਆਦਿ ਲਈ ਵਰਤਿਆ ਜਾਂਦਾ ਹੈ। ਧਰਤੀ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਬਚਾਉਣ ਲਈ ਸਰਕਾਰਾਂ ਨੂੰ ਹੋਰ ਕਈ ਉਪਰਾਲੇ ਸੁੰਘੜਤਾ ਨਾਲ ਕਰਨੇ ਚਾਹੀਦੇ ਹਨ। ਬਾਰਿਸ਼ ਦੇ ਪਾਣੀ ਨੂੰ ਸੰਗ੍ਰਹਿ ਕਰਕੇ ਉਚਿਤ ਪ੍ਰਯੋਗ ਵਿੱਚ ਲਿਆਉਣਾ ਵੀ ਇੱਕ ਵਧੀਆ ਢੰਗ ਹੈ। ਪਾਣੀ ਦੀ ਸ਼ੁੱਧੀ ਲਈ ਕਈ ਤਰ੍ਹਾਂ ਦੇ ਪਰੰਪਰਾਵਾਦੀ ਅਤੇ ਆਧੁਨਿਕ ਪ੍ਰਯੋਗ ਸਾਰਥਿਕ ਸਿਧ ਹੋ ਸਕਦੇ ਹਨ।
ਭਾਰਤ ਦੇ ਸੇਮ ਵਾਲੇ ਇਲਾਕੇ, ਗੰਦਲੇ ਦਰਿਆਈ ਇਲਾਕੇ, ਕੱਲਰੀ ਇਲਾਕੇ, ਗੰਦਲੇ ਨਾਲੇ ਵਾਲੇ ਇਲਾਕੇ ਵਿੱਚ ਲੱਖਾਂ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਕਿਉਂਕਿ ਓਧਰ ਪਿਛੜੇ ਇਲਾਕਿਆਂ ਵਿੱਚ ਸਾਫ ਸੁਥਰੇ ਪਾਣੀ ਦੀ ਬਹੁਤ ਘਾਟ ਹੈ। ਵਿਸ਼ੇਸ਼ ਕਰਕੇ ਪੰਜਾਬ ਵਿੱਚ ਹੀ ਪਾਣੀ ਸ਼ੁੱਧ ਨਾ ਮਿਲਣ ਕਰਕੇ ਹਜ਼ਾਰਾਂ ਲੋਕ ਕੈਂਸਰ, ਗੁਰਦੇ ਦੇ ਰੋਗ, ਪੇਟ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ। ਸਰਕਾਰ ਵੱਲੋਂ ਹਸਪਤਾਲ ਤਾਂ ਖੋਲੇ ਜਾ ਰਹੇ ਹਨ ਪਰ ਪੀਣ ਵਾਲੇ ਪਾਣੀ ਦਾ ਹਾਲੇ ਤੱਕ ਮੁਕੰਮਲ ਸਹੀ ਯੋਜਨਾ ਬੰਦ ਖੋਜ ਪੂਰਵਕ ਢੰਗ ਨਾਲ ਹੱਲ ਨਹੀਂ ਲੱਭਿਆ ਜਾ ਸਕਿਆ। ਹਸਪਤਾਲਾਂ ਦੀ ਜਗ੍ਹਾ ਤੇ ਲੋਕਾਂ ਨੂੰ ਸ਼ੁੱਧ ਪਾਣੀ ਮਿਲੇ। ਸ਼ੁੱਧੀਕਰਨ ਵਾਲੀਆਂ ਪਾਣੀ ਦੀਆਂ ਟੈਂਕੀਆਂ ਦਾ ਹਰ ਪਿੰਡ ਵਿੱਚ ਪ੍ਰਬੰਧ ਹੋਵੇ। ਹੋਰ ਤਾਂ ਹੋਰ ਪਾਣੀ ਫਿਲਟਰ ਕਰਨ ਵਾਲੇ ਉਪਕਰਣ ਸਸਤੇ ਰੇਟਾਂ ਤੇ ਘਰ ਘਰ ਮੁਹਈਆ ਕਰਵਾਏ ਜਾਣ।
ਭੌਤਿਕ ਮਾਪ ਦੇ ਅਨੁਸਾਰ ਪਾਣੀ ਵਾਲੇ ਸਾਫ ਪਾਣੀ ਸ਼ੀਤਲ ਗੰਦ ਰਹਿਤ ਹੋਣਾ ਚਾਹੀਦਾ ਹੈ। ਜੈਵਿਕ ਮਾਪ ਦੇ ਅਨੁਸਾਰ ਸ਼ੁੱਧ ਪਾਣੀ ਵਾਲੇ ਪਾਣੀ ਵਿੱਚ ਕੋਈ ਗੰਦਲਾ ਤੱਤ ਨਹੀਂ ਹੋਣਾ ਚਾਹੀਦਾ। ਕੈਲੀਫਾਰਮ ਫੋਕਟੀਰੀਆ 10 ਤੋਂ ਜਆਦਾ ਨਹੀਂ ਹੋਣੇ ਚਾਹੀਦੇ।
ਅਸ਼ੁੱਧ ਪਾਣੀ ਵਿੱਚ ਕੈਲਸ਼ੀਅਮ, ਸਲਫੇਟ, ਲੋਹਾ, ਮੈਗਨੀਜ, ਤਾਂਬਾ, ਜਿੰਕ, ਸ਼ੀਸ਼ਾ, ਕੈਡੀਸ਼ੀਅ, ਪਾਰਾ ਅਤੇ ਹੋਰ ਰਸਾਇਣਿਕ ਪਦਾਰਥ ਆਦਿ ਪਾਏ ਜਾਂਦੇ ਹਨ। ਜੇਕਰ ਕੋਈ ਰੋਗ ਫੈਲਦਾ ਹੈ ਉਸਦੇ ਰੋਗਾਣੂ ਪਾਣੀ ਵਿੱਚ ਘੁੱਲ ਕੇ ਬਿਮਾਰੀਆਂ ਫੈਲਾਉਂਦੇ ਹਨ।
ਖੂਹਾਂ, ਤਲਾਬਾਂ, ਨਾਲਿਆਂ, ਬੌਲੀਆਂ ਆਦਿ ਠਹਿਰੀ ਕਿਸਮ ਦੇ ਪਾਣੀ ਗੰਦਲੇ ਹੋਣ ਕਰਕੇ ਸਾਫ ਸੁਥਰੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੰਦੇ ਹਨ।
ਭਵਿੱਖ ਨੂੰ ਖਤਰਨਾਕ ਭੌਤਿਕ ਬਿਮਾਰੀਆਂ ਦਾ ਸ਼ਿਕਾਰ ਹੋਣਾ ਪਵੇਗਾ ਤੇ ਹੋਣਾ ਪੈ ਰਿਹਾ ਹੈ। ਭਾਰਤ ਸਰਕਾਰ ਅਤੇ ਰਾਜ ਸਰਕਾਰ ਕਈ ਸ਼ੁੱਧ ਜਲ ਯੋਜਨਾਵਾਂ ਚਲਾ ਰਹੀਆਂ ਹਨ ਪਰ ਵੱਡੇ ਪੱਧਰ ਦਾ ਖਰਚਾ ਆਉਣ ਕਰਕੇ ਅਧੂਰੀਆਂ ਹਨ।
ਭਾਰਤ ਜਲਵਾਯੂ ਦੀ ਦ੍ਰਿਸ਼ਟੀ ਨਾਲ ਮਾਨਸੂਨੀ ਪ੍ਰਦੇਸ਼ ਹੋਣ ਕਰਕੇ ਸਾਲ ਦੇ ਤਿੰਨ ਜਾਂ ਚਾਰ ਮਹੀਨੇ ਹੀ ਬਾਰਿਸ਼ ਹੁੰਦੀ ਹੈ।
ਬਾਕੀ ਦੇ ਮਹੀਨੇ ਬਾਰਿਸ਼ ਨਾ ਹੋਣ ਕਰਕੇ ਬਹੁਤ ਸਾਰੇ ਭਾਗਾਂ ਵਿੱਚ ਧਰਾਤਲੀਏ ਜਲ ਦੀ ਕਮੀ ਰਹਿੰਦੀ ਹੈ। ਭਾਰੀ ਬਾਰਿਸ਼ ਵਾਲੇ ਇਲਾਕਿਆਂ ਵਿੱਚ ਵੀ ਖੁਸ਼ਕ ਮਹੀਨਿਆਂ ਵਿੱਚ ਪਾਣੀ ਦੀ ਕਮੀ ਰਹਿੰਦੀ ਹੈ।
ਉੱਤਰ ਦੇ ਤਟੀਏ (ਕਿਨਾਰੇ) ਮੈਦਾਨਾਂ ਵਿੱਚ ਭੂਮੀਗਤ ਪਾਣੀ ਦੇ ਵਿਸ਼ਾਲ ਭੰਡਾਰ ਪਾਏ ਜਾਂਦੇ ਹਨ. ਦੇਸ਼ ਦੇ ਦੂਸਰੇ ਭਾਗਾਂ ਵਿੱਚ ਪਾਣੀ ਦੀ ਬਹੁਤ ਕਮੀ ਪਾਈ ਜਾਂਦੀ ਹੈ। ਅਜੇ ਤੱਕ ਦੇਸ਼ ਦੇ ਹਰ ਇੱਕ ਪਿੰਡ ਵਿੱਚ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਵਿਵਸਥਾ ਨਹੀਂ ਹੋ ਪਾਈ ਹੈ।
ਦੇਸ਼ ਵਿੱਚ ਅੱਜ ਵੀ ਲੋਕਾਂ ਨੂੰ ਇੱਕ ਕਿਲੋਮੀਟਰ ਤੋਂ ਵੱਧ ਪੈਦਲ ਚੱਲ ਕੇ ਪਾਣੀ ਲਿਆਉਣਾ ਪੈਂਦਾ ਹੈ। ਸੰਪੂਰਨ ਜਲ ਸੰਸਾਧਨ ਦਾ ਅਧਿਐਨ, ਅਨੇਕ ਦ੍ਰਿਸ਼ਟੀਕੋਣ, ਜਿਸ ਵਿੱਚ ਨਦੀ, ਨਾਲੇ, ਨਿਕਾਸ ਪ੍ਰਣਾਲੀ, ਹੜ੍ਹ ਔੜ ਦੀ ਸਮੱਸਿਆ ਸਿੰਚਾਈ ਪਰੀਯੋਜਨਾ ਆਦਿ ਦੀ ਸਖ਼ਤ ਜ਼ਰੂਰਤ ਹੈ।
ਧਰਤੀ ਉੱਪਰ ਜਲ ਨਿਕਾਸ ਬਹੁਤ ਮਹੱਤਵ ਹੈ। ਉਚਿਆਂ ਭਾਗਾਂ ਵਿੱਚ ਹੇਠਲੇ ਭਾਗਾਂ ਨੂੰ ਜਾਂਦੇ ਪਾਣੀ ਦਾ ਸੁਚੱਜਾ ਪ੍ਰਬੰਧ ਖੇਤੀ ਵਿਉਪਾਰ, ਧਾਰਮਿਕ ਪੂਜਾ ਤੇ ਇਲਾਕਾ ਪ੍ਰਬੰਧਨ ਤੇ ਨਿਯੋਜਨ ਵਿੱਚ ਨਦੀਆਂ ਦੀ ਭਰਪੂਰ ਉਪਯੋਗਤਾ ਹੈ। ਭਾਰਤੀ ਜਲ ਨਿਕਾਸ ਪ੍ਰਣਾਲੀ ਨੇ ਕਈ ਉਦਮ ਜਾਰੀ ਰੱਖੇ ਹੋਏ ਹਨ।
ਪੰਜਾਬ ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਭਾਗਾਂ ਵਿੱਚ ਸਮਤਲ ਭੂਮੀ ਹੋਣ ਦੇ ਕਾਰਣ ਵਿਕਾਸ ਕਾਰਜ (ਨਵੀਆਂ ਸੜਕਾਂ, ਰੇਲ ਤੇ ਨਹਿਰੀ ਮਾਰਗ) ਦੇ ਕਾਰਨ ਫਾਲਤੂ ਪਾਣੀ ਦਾ ਨਿਕਾਸ ਪੂਰੀ ਤਰ੍ਹਾਂ ਨਾਲ ਨਹੀਂ ਹੋ ਸਕਿਆ।
ਭਾਰਤ ਸਰਕਾਰ ਨੇ 1954 ਵਿੱਚ ਹੜਾਂ ਤੇ ਕਾਬੂ ਪਾਉਣ ਲਈ ਰਾਸ਼ਟਰੀਏ ਹੜ ਆਯੋਗ ਦੀ ਸਥਾਪਨਾ ਕੀਤੀ ਸੀ ਹੜਾਂ ਨਾਲ ਨਿਪਟਣ ਲਈ ਤਿੰਨ ਪੱਧਰੀ ਯੋਜਨਾ ਪ੍ਰਸਤੁਤ ਕੀਤੀ ਸੀ ਜਿਸ ਵਿੱਚ ਦਰਿਆਈ ਕਿਨਾਰੇ ਪੱਕੇ ਕਰਨਾ, ਦਰਿਆਈ ਮਾਰਗਾਂ ਨੂੰ ਵੰਡਣਾ, ਉੱਚੇ ਚਬੂਤਰੇ ਬਣਾਉਣਾ, ਪੌਦੇ ਲਗਾਉਣਾ, ਹੜ ਵਾਲੇ ਇਲਾਕਿਆਂ ਦਾ ਨਿਰਧਾਰਣ, ਹੜ ਸੁਰੱਖਿਆ ਅਤੇ ਭਵਿੱਖ ਬਾਣੀ ਦੇ ਸੰਕੇਤ ਦੇਣਾ ਤੇ ਢਲਾਣਾ ਉੱਪਰ ਬੰਨ ਆਦਿ ਢੰਗ ਅਪਣਾਏ ਗਏ।
ਦੇਖਿਆ ਜਾਏ ਤਾਂ ਖਾਸ ਕਰਕੇ ਏਸ਼ੀਅਨ ਦੇਸ਼ਾਂ ਵਿੱਚ ਹੀ ਪਾਣੀ ਦੀਆਂ ਜਿਆਦਾ ਸਮੱਸਿਆਵਾਂ ਹਨ। ਖਾਸ ਕਰਕੇ ਭਾਰਤ ਵਿੱਚ ਗੰਧਲੇ ਪਾਣੀ ਦਾ ਪ੍ਰਦੂਸ਼ਣ ਲਗਾਤਾਰ ਵਾਧਾ ਜਾ ਰਿਹਾ ਹੈ, ਘਰਾਂ, ਪਿੰਡਾਂ। ਸ਼ਹਿਰਾਂ ਦੀਆਂ ਗਲੀਆਂ ਨਾਲੀਆਂ ਦੁਕਾਨਾਂ ਆਦਿ ਦਾ ਕੂੜਾ ਕਰਕਟ, ਨਦੀ ਨਾਲਿਆਂ ਵਿੱਚ ਪ੍ਰਵੇਸ਼ ਕਰਦਾ ਹੈ। ਸੇਮ ਦੇ ਇਲਾਕੇ ਜਾਂ ਗੰਦੇ ਨਾਲਿਆਂ ਵਿੱਚ ਤਰ੍ਹਾਂ ਤਰ੍ਹਾਂ ਦੇ ਪੰਛੀ ਜਾਨਵਰ ਮਰ ਜਾਂਦੇ ਹਨ ਜੋ ਗੰਧਲੇ ਪਾਣੀ ਵਿੱਚ ਹੀ ਗਲ ਸੜ੍ਹ ਕੇ ਬਦਬੂਆਂ ਮਾਰਦੇ ਰਹਿੰਦੇ ਹਨ।
ਭਾਰਤੀ ਲੋਕਾਂ ਉੱਪਰ ਮੌਕੇ ਤੇ ਤੁਰੰਤ ਫੈਸਲੇ ਵਾਲਾ ਕਾਨੂੰਨ ਲਾਗੂ ਨਹੀਂ ਹੁੰਦਾ ਹਰ ਵਿਅਕਤੀ ਕਾਨੂੰਨ ਦੀਆਂ ਧੱਜੀਆਂ ਉਡਾਉਂਦਾ ਨਜ਼ਰ ਆਉਂਦਾ ਹੈ ਇਸ ਲਈ ਪਾਣੀ ਦੀ ਸ਼ੁੱਧਤਾ ਲਈ ਕੋਈ ਸਖ਼ਤ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।
ਭਾਰਤ ਸਰਕਾਰ ਨੇ 1974 ਵਿੱਚ ਕਾਨੂੰਨ ਬਣਾਇਆ ਸੀ ਕਿ ਗੰਦਾ ਪਾਣੀ ਨਦੀ ਨਾਲਿਆਂ ਵਿੱਚ ਨਹੀਂ ਸੁੱਟਿਆ ਜਾਏਗਾ ਪਰ ਇਸ ਕਾਨੂੰਨ ਦੀ ਕੌਣ ਪ੍ਰਵਾਹ ਕਰਦਾ ਹੈ? ਅੱਜ ਭਾਰਤ ਦੇ ਸ਼ਹਿਰ-ਸ਼ਹਿਰ ਪਿੰਡ-ਪਿੰਡ ਵਿੱਚ ਪਾਣੀ ਦੇ ਨਿਕਾਸ, ਸ਼ੁੱਧ ਪਾਣੀ ਅਤੇ ਪਾਣੀ ਦੇ ਘਟਦੇ ਪੱਧਰ ਨੂੰ ਸ਼ਕਤੀ ਨਾਲ ਸੁਧਾਰਨ ਦੀ ਜ਼ਰੂਰਤ ਹੈ